# ਅਧਿਆਇ 19

# ਨੇਮ ਦਾ ਬੰਨ੍ਹਿਆ ਜਾਣਾ

ਪਰਮੇਸ਼ੁਰ ਅਤੇ ਇਸਰਾਏਲ ਦੇ ਵਿਚਕਾਰ ਨੇਮ ਦੀ ਸ਼ੁਰੂਆਤ ਕੂਚ 19 ਵਿਚ ਦਰਜ ਹੈ। ਇਹ ਨੇਮ ਉਸ ਸਮੇਂ ਤੋਂ ਪਹਿਲਾਂ ਦੇ ਲੋਕਾਂ ਦੇ ਨਾਲ ਪਰਮੇਸ਼ੁਰ ਦੇ ਸਾਰੇ ਵਿਹਾਰਾਂ ਨੂੰ ਨਿਯੰਤਰਿਤ ਕਰਨ ਦੇ ਲਈ ਸੀ।

ਇਸਰਾਏਲ ਮਿਸਰ ਛੱਡਣ ਤੋਂ ਬਾਅਦ ਤੀਸਰੇ ਮਹੀਨੇ ਬਾਅਦ ਸੀਨਈ ਦੀ ਉਜਾੜ ਵਿਚ ਪਹੁੰਚਿਆ ਅਤੇ ਸੀਨਈ ਪਹਾੜ ਦੇ ਹੇਠਾਂ ਡੇਰਾ ਲਾਇਆ (19:1, 2)। ਫਿਰ ਮੂਸਾ ਪਹਾੜ ਉੱਤੇ ਗਿਆ। ਉੱਥੇ ਉਸ ਨੇ ਉਸ ਦਾ ਵਰਣਨ ਕੀਤਾ ਕਿ ਉਸ ਨੇ ਪਹਿਲਾਂ ਤੋਂ ਹੀ ਇਸਰਾਏਲੀਆਂ ਦੇ ਨਾਲ ਕੀਤਾ ਸੀ, ਅਤੇ ਉਨ੍ਹਾਂ ਨੂੰ ਪੇਸ਼ਕਸ਼ ਕੀਤੀ ਕਿ ਜੇਕਰ ਉਹ ਉਸ ਦੇ ਵਚਨਾਂ ਦਾ ਪਾਲਣ ਕਰਣਗੇ ਤਾਂ ਉਹ ਉਨ੍ਹਾਂ ਨੂੰ ਆਪਣੀ ਖਾਸ ਪਰਜਾ ਬਣਾਵੇਗਾ (19:3-6)। ਮੂਸਾ ਨੇ ਪਰਮੇਸ਼ੁਰ ਦੀ ਪੇਸ਼ਕਸ਼ ਨੂੰ ਲੋਕਾਂ ਦੇ ਉੱਤੇ ਦੁਹਰਾਇਆ, ਅਤੇ ਉਹ ਸਾਰੇ ਉਹ ਕਰਨ ਦੇ ਲਈ ਸਹਿਮਤ ਹੋਏ ਜਿਸ ਦਾ ਪ੍ਰਭੂ ਨੇ ਹੁਕਮ ਦਿੱਤਾ ਸੀ (19:7, 8)।

ਪ੍ਰਭੂ ਨੇ ਕਿਹਾ ਕਿ ਉਹ ਖੁਦ ਉਨ੍ਹਾਂ ਦੇ ਨਾਲ ਗੱਲ ਕਰੇਗਾ, ਇਸ ਲਈ ਮੂਸਾ ਨੇ ਕਿਹਾ ਕਿ ਉਹ ਪ੍ਰਭੂ ਦੇ ਨਾਲ ਮੁਲਾਕਾਤ ਕਰਨ ਦੇ ਲਈ ਆਪਣੇ ਆਪ ਨੂੰ ਪਵਿੱਤਰ ਕਰਨ। ਪਰ, ਕੋਈ ਵੀ ਪਵਿੱਤਰ ਪਹਾੜ ਦੇ ਨੇੜੇ ਨਾ ਆਵੇ (19:9-15)। ਤੀਸਰੇ ਦਿਨ, ਪਰਮੇਸ਼ੁਰ ਨੇ ਆਪਣੀ ਹਜ਼ੂਰੀ ਨੂੰ ਆਪਣੇ ਲੋਕਾਂ ਤੇ ਪਰਗਟ ਕੀਤਾ (19:16-19)। ਫਿਰ ਉਸ ਨੇ ਮੂਸਾ ਨੂੰ ਹਿਦਾਇਤ ਦਿੱਤੀ ਕਿ ਉਹ ਹਾਰੂਨ ਨੂੰ ਨਾਲ ਲੈ ਕੇ, ਪਹਾੜ ਦੀ ਟੀਸੀ ਤੇ ਚੜ੍ਹ ਆਵੇ (19:20-25)।

## ਪਰਮੇਸ਼ੁਰ ਵੱਲੋਂ ਉਨ੍ਹਾਂ ਦੀ ਬੁਲਾਹਟ (19:1-9)

**1ਤੀਜੇ ਮਹੀਨੇ ਦੇ ਉਸੇ ਦਿਨ ਵਿੱਚ ਜਿਸ ਵਿੱਚ ਇਸਰਾਏਲੀ ਮਿਸਰ ਦੇਸ ਤੋਂ ਨਿੱਕਲੇ ਓਹ**
**ਸੀਨਈ ਦੀ ਉਜਾੜ ਵਿੱਚ ਆਏ। 2ਅਰ ਰਫ਼ੀਦੀਮ ਤੋਂ ਕੂਚ ਕਰ ਕੇ ਸੀਨਈ ਦੀ ਉਜਾੜ ਵਿੱਚ ਅੱਪੜੇ**
**ਅਰ ਉੱਥੇ ਉਜਾੜ ਵਿੱਚ ਡੇਰੇ ਲਾਏ ਅਤੇ ਇਸਰਾਏਲ ਨੇ ਪਹਾੜ ਦੇ ਅੱਗੇ ਡੇਰਾ ਕੀਤਾ। 3ਤਾਂ ਮੂਸਾ**
**ਪਰਮੇਸ਼ੁਰ ਕੋਲ ਚੜ੍ਹ ਗਿਆ ਅਰ ਯਹੋਵਾਹ ਨੇ ਪਹਾੜ ਤੋਂ ਉਸ ਨੂੰ ਪੁਕਾਰ ਕੇ ਫ਼ਰਮਾਇਆ, ਤੂੰ**
**ਯਾਕੂਬ ਦੇ ਘਰਾਣੇ ਨੂੰ ਐਉਂ ਆਖ ਅਰ ਇਸਰਾਏਲੀਆਂ ਨੂੰ ਦੱਸ। 4ਭਈ ਤੁਸਾਂ ਵੇਖਿਆ ਜੋ ਮੈਂ**
**ਇਸਰਾਏਲੀਆਂ ਨਾਲ ਕੀਤਾ ਅਤੇ ਤੁਹਾਨੂੰ ਉਕਾਬ ਦੇ ਖੰਭਾਂ ਉੱਤੇ ਬਿਠਾਲ ਕੇ ਆਪਣੇ ਕੋਲ ਲੈ**
**ਆਇਆ। 5ਹੁਣ ਜੇ ਤੁਸੀਂ ਮੇਰੀ ਅਵਾਜ਼ ਦੇ ਸਰੋਤੇ ਹੋਵੋਗੇ ਅਰ ਮੇਰੇ ਨੇਮ ਦੀ ਮਨੌਤ ਕਰੋਗੇ ਤਾਂ**
**ਤੁਸੀਂ ਸਾਰੀਆਂ ਕੌਮਾਂ ਵਿੱਚੋਂ ਮੇਰੀ ਨਿਜੀ ਪਰਜਾ ਹੋਵੋਗੇ ਕਿਉਂ ਜੋ ਸਾਰੀ ਧਰਤੀ ਮੇਰੀ ਹੈ। 6ਅਤੇ**
**ਤੁਸੀਂ ਮੇਰੇ ਲਈ ਜਾਜਕਾਂ ਦੀ ਬਾਦਸ਼ਾਹੀ ਅਤੇ ਪਵਿੱਤ੍ਰ ਕੌਮ ਹੋਵੋਗੇ। ਏਹ ਉਹ ਗੱਲਾਂ ਹਨ ਜਿਹੜੀਆਂ**
**ਤੂੰ ਇਸਰਾਏਲੀਆਂ ਨੂੰ ਦੱਸੇਂਗਾ। 7ਤਾਂ ਮੂਸਾ ਨੇ ਆਕੇ ਪਰਜਾ ਦੇ ਬਜ਼ੁਰਗਾਂ ਨੂੰ ਬੁਲਾਇਆ ਅਰ ਓਹ**
**ਸਾਰੀਆਂ ਗੱਲਾਂ ਉਨ੍ਹਾਂ ਦੇ ਅੱਗੇ ਰੱਖੀਆਂ ਜਿਹੜੀਆਂ ਦਾ ਯਹੋਵਾਹ ਨੇ ਉਸ ਨੂੰ ਹੁਕਮ ਦਿੱਤਾ ਸੀ।**
**8ਫੇਰ ਸਾਰੀ ਪਰਜਾ ਨੇ ਰਲ ਕੇ ਉੱਤ੍ਰ ਦਿੱਤਾ, ਸਭ ਕੁਝ ਜੋ ਯਹੋਵਾਹ ਬੋਲਿਆ ਹੈ ਅਸੀਂ ਕਰਾਂਗੇ।**

**ਤਾਂ ਮੂਸਾ ਨੇ ਪਰਜਾ ਦੀਆਂ ਗੱਲਾਂ ਯਹੋਵਾਹ ਦੇ ਅੱਗੇ ਰੱਖੀਆਂ। 9ਯਹੋਵਾਹ ਨੇ ਮੂਸਾ ਨੂੰ ਆਖਿਆ, ਵੇਖ ਮੈਂ ਤੇਰੇ ਕੋਲ ਬੱਦਲ ਦੇ ਓਹਲੇ ਵਿੱਚ ਆਉਂਦਾ ਹਾਂ ਤਾਂ ਜੋ ਪਰਜਾ ਗੱਲਾਂ ਸੁਣੇ ਜਿਹੜੀਆਂ ਮੈਂ ਤੇਰੇ ਨਾਲ ਕਰਾਂ ਨਾਲ ਉਹ ਸਦਾ ਲਈ ਤੇਰੇ ਉੱਤੇ ਪਰਤੀਤ ਕਰੇ। ਤਾਂ ਮੂਸਾ ਨੇ ਪਰਜਾ ਦੀਆਂ ਗੱਲਾਂ ਯਹੋਵਾਹ ਨੂੰ ਦੱਸੀਆਂ।**

**ਆਇਤ 1, 2. ਮਿਸਰ ਤੋਂ ਨਿਕਲਣ ਤੋਂ ਬਾਅਦ** ਇਸਰਾਏਲੀ **ਤੀਜੇ ਮਹੀਨੇ ਦੇ ਉਸੇ ਦਿਨ ਵਿੱਚ ਸੀਨਈ ਦੀ ਉਜਾੜ** ਵਿਚ ਪਹੁੰਚੇ।[1] ਜੌਨ ਜੇ. ਡੇਵਿਸ ਨੇ ਕਿਹਾ ਕਿ "ਯਹੂਦੀ ਪਰੰਪਰਾ ਨੇ ਇਸ ਘਟਨਾ ਨੂੰ ਯਹੂਦੀ ਸਾਲ ਦੇ ਤੀਜੇ ਮਹੀਨੇ ਦੇ ਪਹਿਲੇ ਦਿਨ ਵਿਚ ਰੱਖਿਆ।" ਉਸ ਨੇ ਕਿਹਾ ਕਿ "ਇਸੇ ਤਰ੍ਹਾਂ ਦੀ ਪਰੰਪਰਾ ਪਸਾਹ ਤੋਂ ਬਾਅਦ ਪੰਜਾਹਵੇਂ ਦਿਨ ਸ਼ਰਾ ਨੂੰ ਦੇਣ ਦਾ ਕੰਮ ਕਰਦੀ ਹੈ, ਪਰ ਇਹ ਇਤਹਾਸਕ ਮੰਨੇ ਜਾਣ ਵਾਲੇ ਹਵਾਲਿਆਂ ਮੂਲ ਦਾ ਵੀ ਪ੍ਰਤੀਕ ਹੁੰਦਾ ਹੈ।"[2]

ਅੰਬਰਟੋ ਕਸੈਟੋ ਨੇ ਸੀਨਈ ਸਾਹਿਤ ਵਿਚ ਸ਼ਾਮਲ ਦਿਨਾਂ ਦੀ ਗਣਨਾ ਕੀਤੀ ਹੈ:

19:1 "ਉਸੇ ਦਿਨ" ਮਹੀਨੇ ਦਾ ਪਹਿਲਾ ਦਿਨ ਸੀ।
19:3 ਅਗਲੇ ਦਿਨ ਸਵੇਰੇ ਜੋ ਮਹੀਨੇ ਦਾ ਦੂਸਰਾ ਦਿਨ ਸੀ "ਮੂਸਾ ਪਰਮੇਸ਼ੁਰ ਕੋਲ ਚੜ੍ਹ ਗਿਆ।" ਉਸੇ ਦਿਨ, ਮੂਸਾ ਨੇ ਪਰਮੇਸ਼ੁਰ ਦੇ ਵਚਨ ਲੋਕਾਂ ਤਕ ਵਾਪਸ ਲਿਆਂਦੇ।
19:8 ਮਹੀਨੇ ਦੇ ਤੀਜੇ ਦਿਨ "ਮੂਸਾ ਨੇ ਪਰਜਾ ਦੀਆਂ ਗੱਲਾਂ ਯਹੋਵਾਹ ਦੇ ਅੱਗੇ ਰੱਖੀਆਂ।" ਬਦਲੇ ਵਿਚ ਪਰਮੇਸ਼ੁਰ ਨੇ ਮੂਸਾ ਨੂੰ, 19:9 ਵਿਚ ਪਾਈਆਂ ਜਾਣ ਵਾਲੀਆਂ ਹਿਦਾਇਤਾਂ ਲੋਕਾਂ ਨੂੰ ਵਾਪਸ ਦੇ ਦਿੱਤੀਆਂ।
19:9 "ਮੂਸਾ ਨੇ ਲੋਕਾਂ ਦੇ ਸ਼ਬਦਾਂ ਨੂੰ ਪ੍ਰਭੂ ਅੱਗੇ ਦੱਸਿਆ" ਜਦੋਂ ਉਸ ਨੇ ਲੋਕਾਂ ਨੂੰ ਪਰਮੇਸ਼ੁਰ ਦੇ ਪ੍ਰਸਤਾਵ ਦੇ ਲਈ ਅਗਲੇ ਮਹੀਨੇ ਦਾ ਚੌਥਾ ਦਿਨ ਦਿੱਤਾ।
19:10 "ਅੱਜ ਅਤੇ ਭਲਕੇ" ਮਹੀਨੇ ਦੇ ਚੌਥੇ ਅਤੇ ਪੰਜਵੇਂ ਦਿਨ ਨੂੰ ਦਰਸਾਉਂਦਾ ਹੈ।
19:11 "ਤੀਜੇ ਦਿਨ" ਇਸ ਲੜੀ ਵਿਚ ਮਹੀਨੇ ਦਾ ਛੇਵਾਂ ਦਿਨ ਸੀ।[3]

ਕਸੈਟੋ ਨੇ ਇਹ ਕਹਿ ਕੇ ਆਪਣੇ ਨਤੀਜੇ ਦਾ ਸਿੱਟਾ ਕੱਢਿਆ,

> ਨਤੀਜੇ ਵਜੋਂ ਪਰਕਾਸ਼ ਦੀ ਪੋਥੀ ਦਾ ਦਿਨ ਮਹੀਨੇ ਦਾ ਛੇਵਾਂ ਦਿਨ ਸੀ, ਜਿਸ ਨੇ ਮਿਸਰ ਦੀ ਧਰਤੀ ਤੋਂ ਇਸਰਾਏਲੀਆਂ ਦੇ ਕੂਚ ਦੇ ਬਾਅਦ ਸੱਤਵੇਂ ਹਫ਼ਤੇ ਦੇ ਅਖੀਰ ਨੂੰ ਦਰਸਾਇਆ ਸੀ। ਬਾਅਦ ਦੀ ਪਰੰਪਰਾ ਜੋ ਹਫ਼ਤਿਆਂ ਦੇ ਪਰਬ ਨੂੰ ਸੀਯੋਨ ਪਹਾੜ ਤੇ ਪਰਕਾਸ਼ ਦੀ ਪੋਥੀ ਦੇ ਦਿਨ ਦੇ ਨਾਲ ਜੋੜਦੀ ਹੈ, ਜ਼ਾਹਿਰ ਤੌਰ ਤੇ, ਮੂਲ ਲਿਖਤ ਦੇ ਅਸਲੀ ਅਰਥ ਦੇ ਨਾਲ ਸਹਿਮਤ ਹੈ।[4]

ਮੂਲ ਲਿਖਤ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਸੀਨਈ ਤੋਂ ਪਹਿਲਾਂ **ਰਫ਼ੀਦੀਮ** ਇਸਰਾਏਲ ਦੇ ਠਹਿਰਣ ਦਾ ਆਖ਼ਰੀ ਸਥਾਨ ਸੀ (17:1, 8)। ਹਵਾਲਾ ਆਪਣੇ ਆਪ ਨੂੰ ਤਿੰਨ ਵਾਰ ਦੁਹਰਾਉਂਦਾ ਹੈ; ਤੱਥ ਤਿੰਨ ਵਾਰ ਪਰਗਟ ਹੁੰਦੇ ਹਨ। ਕੁੱਝ ਲੋਕ ਇਸ ਘਟਨਾ ਨੂੰ ਵੱਖ ਵੱਖ ਸਰੋਤਾਂ ਦੀ ਵਰਤੋਂ ਕਰਨ ਲਈ ਵਰਤਦੇ ਹਨ। ਪਰ, ਇਹ ਬੇਲੋੜੀ ਦੁਹਰਾਈ ਨਹੀਂ ਹੈ; ਹਰੇਕ ਖੰਡ ਓਵਰਲੈਪ ਹੁੰਦਾ ਹੋਇਆ, ਬਿਰਤਾਂਤ ਵਿਚ ਜਾਣਕਾਰੀ ਨੂੰ ਜੋੜਦਾ ਹੈ। ਤਿੰਨਾਂ ਖੰਡਾਂ ਦੇ ਸੰਬੰਧ ਨੂੰ ਹੇਠ ਲਿਖੇ ਅਨੁਸਾਰ ਵਿਖਾਇਆ ਜਾ ਸਕਦਾ ਹੈ:

*ਉਹ ਕਿੱਥੇ ਸਨ* (ਆਮ ਖੇਤਰ):
19:1: ... ਓਹ ਸੀਨਈ ਦੀ ਉਜਾੜ ਵਿੱਚ ਆਏ।
*ਉਨ੍ਹਾਂ ਨੇ ਕੀ ਕੀਤਾ* (ਓਹਨਾਂ ਨੇ ਡੇਰਾ ਲਾਇਆ):
19:2: ... ਸੀਨਈ ਦੀ ਉਜਾੜ ਵਿੱਚ ਅੱਪੜੇ ਅਰ ਉੱਥੇ ਉਜਾੜ ਵਿੱਚ ਡੇਰੇ ਲਾਏ ...

*ਜਿੱਥੇ ਉਨ੍ਹਾਂ ਨੇ ਡੇਰਾ ਲਾਇਆ* (ਵਿਸ਼ੇਸ਼ ਖੇਤਰ):

19:2: ... ਉਜਾੜ ਵਿੱਚ ਡੇਰੇ ਲਾਏ ਅਤੇ ਇਸਰਾਏਲ ਦੇ ਪਹਾੜ ਦੇ ਅੱਗੇ ਡੇਰਾ ਕੀਤਾ।

ਮੁੜ ਦੁਹਰਾਓ ਦਾ ਉਦੇਸ਼ ਪਹਾੜ ਤੇ - ਸੀਨਈ ਪਹਾੜ ਤੇ, "ਪਰਮੇਸ਼ੁਰ ਦੇ ਪਹਾੜ" ਤੇ ਇਸਰਾਏਲ ਦੇ ਪਹੁੰਚਣ ਤੇ ਜ਼ੋਰ ਦੇਣਾ ਹੋ ਸਕਦਾ ਹੈ - ਜਿਸ ਤੇ ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਲਿਆਉਣ ਦਾ ਵਾਇਦਾ ਕੀਤਾ ਸੀ।[5] ਮਿਸਰ ਛੱਡਣ ਤੋਂ ਤੀਸਰੇ ਮਹੀਨੇ ਬਾਅਦ, ਇਸਰਾਏਲ ਨੇ ਸੀਨਈ ਪਹਾੜ ਦੇ ਹੇਠ ਡੇਰਾ ਲਾਈਆ।

**ਆਇਤ 3.** ਜਦੋਂ ਇਸਰਾਏਲ ਨੇ ਸੀਨਈ ਪਹਾੜ ਦੇ ਹੇਠਾਂ ਡੇਰਾ ਲਾਇਆ, **ਤਾਂ ਮੂਸਾ ਪਰਮੇਸ਼ੁਰ ਕੋਲ ਚੜ੍ਹ ਗਿਆ।** ਜਦੋਂ ਮੂਸਾ **ਪਹਾੜ** ਉੱਤੇ ਠਹਿਰਾਇਆ ਸੀ, ਤਾਂ ਪਰਮੇਸ਼ੁਰ ਨੇ ਉਸ ਨੂੰ ਕਿਹਾ ਕਿ ਉਹ ਇਸਰਾਏਲ ਨੂੰ ਉਸ ਦੇ ਨਾਲ ਨੇਮ ਬੰਨ੍ਹਣ ਦਾ ਇਕ ਮੌਕਾ ਦੇਵੇ। **ਤੂੰ ਯਾਕੂਬ ਦੇ ਘਰਾਣੇ ਨੂੰ ਐਉਂ ਆਖ** ਅਤੇ **ਇਸਰਾਏਲੀਆਂ ਨੂੰ ਦੱਸ** ਵਾਕਾਂ ਵਿਚ ਕਾਵਿ-ਆਤਮਕ ਦੁਹਰਾਅ ਪਾਇਆ ਜਾਂਦਾ ਹੈ, ਜੋ ਸਮਾਨ ਅਰਥ ਨੂੰ ਸਾਂਝਾ ਕਰਦੇ ਹਨ।

**ਆਇਤ 4.** ਪਰਮੇਸ਼ੁਰ ਨੇ ਇਸਰਾਏਲ ਦੇ ਲਈ ਜੋ ਕੁਝ ਕੀਤਾ ਸੀ ਉਸ ਬਾਰੇ ਬੋਲਦੇ ਹੋਏ ਆਪਣੀ ਪੇਸ਼ਕਸ਼ ਨੂੰ ਸ਼ੁਰੂ ਕੀਤਾ। ਉਸ ਨੇ ਬਵਾਂ ਦੇ ਜ਼ਰੀਏ ਅਤੇ ਉਨ੍ਹਾਂ ਦੀ ਸੈਨਾ ਨੂੰ ਸਮੁੰਦਰ ਵਿਚ ਨਾਸ ਕਰਨ ਦੇ ਦੁਆਰਾ **ਮਿਸਰੀਆਂ ਉੱਤੇ ਜਿੱਤ ਹਾਸਲ ਕੀਤੀ।** ਉਹ ਇਸਰਾਏਲੀਆਂ ਨੂੰ **ਉਕਾਬ ਦੇ ਖੰਭਾਂ ਉੱਤੇ ਬਿਠਾਲ ਕੇ** ਆਪਣੇ ਕੋਲ ਸੀਨਈ ਪਹਾੜ ਤੇ **ਲੈ ਆਇਆ।** "ਉਕਾਬ ਦੇ ਖੰਭਾਂ" ਦੇ ਰੂਪਕ ਤੋਂ ਇਹ ਪਤਾ ਲੱਗਦਾ ਹੈ ਕਿ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਉਸੇ ਤਰ੍ਹਾਂ ਆਪਣੇ ਖੰਭਾਂ ਤੇ ਬਿਠਾਇਆ ਸੀ ਜਿਵੇਂ ਉਕਾਬਾਂ ਦੀ ਇੱਕ ਮਾਂ ਆਪਣੇ ਬੱਚਿਆਂ ਨੂੰ ਆਪਣੇ ਖੰਭਾਂ ਉੱਤੇ ਬਿਠਾਉਂਦੀ ਹੈ ਜਦੋਂ ਉਹ ਉੱਡਣਾ ਸਿੱਖਦੇ ਹਨ। ਤਸਵੀਰ ਵਿਚ ਪਰਮੇਸ਼ੁਰ ਦੀ ਕੋਮਲ ਦੇਖਭਾਲ ਅਤੇ ਇਸਰਾਏਲ ਦੀ ਸੰਪੂਰਣ ਨਿਰਭਰਤਾ ਨੂੰ ਦਿਖਾਇਆ ਗਿਆ ਹੈ। ਇਸਰਾਏਲ ਨੂੰ ਪਹਾੜ ਤੇ ਆਪਣੇ ਕੋਲ ਲਿਆ ਕੇ, ਪਰਮੇਸ਼ੁਰ ਨੇ ਉਸ ਵਾਇਦੇ ਨੂੰ ਪੂਰਾ ਕੀਤਾ ਜੋ ਉਸ ਨੇ ਪਹਿਲਾਂ ਕੀਤਾ ਸੀ (3:12)।

ਨੇਮ ਬੰਨ੍ਹਣ ਦੀ ਪ੍ਰਕਿਰਿਆ ਦੀ ਸ਼ੁਰੂਆਤ ਵਿਚ, ਪਰਮੇਸ਼ੁਰ ਨੇ ਨੇਮ ਦੇ ਆਧਾਰ ਦੀ ਘੋਸ਼ਣਾ ਕੀਤੀ। ਉਹ ਇਸਰਾਏਲ ਦੀ ਧਾਰਮਿਕਤਾ ਦੇ ਕਾਰਣ ਇਸਰਾਏਲ ਦੇ ਨਾਲ ਇੱਕ ਨੇਮ ਦੇ ਸਬੰਧ ਵਿਚ ਦਾਖਲ ਨਹੀਂ ਹੋ ਰਿਹਾ ਸੀ। ਅਸਲ ਵਿਚ, ਜਦੋਂ ਤੋਂ ਇਸਰਾਏਲ ਨੇ ਮਿਸਰ ਨੂੰ ਛੱਡ ਦਿੱਤਾ, ਉਸ ਸਮੇਂ ਤੋਂ ਲੋਕਾਂ ਨੇ ਅਕਸਰ ਆਪਣੇ ਆਪ ਨੂੰ ਵਿਸ਼ਵਾਸਹੀਣ, ਭੁਲੱਕੜ ਅਤੇ ਨਾਸ਼ੁਕਰੇ ਸਾਬਤ ਕੀਤਾ ਸੀ। ਕਿਰਪਾ ਕਰਕੇ, ਪਰਮੇਸ਼ੁਰ ਨੇ ਇਸਰਾਏਲ ਨੂੰ ਉਨ੍ਹਾਂ ਵਾਇਦਿਆਂ ਦੇ ਕਾਰਣ ਚੁਣਿਆ ਸੀ ਜੋ ਉਸ ਨੇ ਪਿਤਾ ਪੁਰਖਾਂ ਦੇ ਨਾਲ ਕੀਤੇ ਸਨ। ਨੇਮ ਇਸਰਾਏਲੀਆਂ ਦੇ ਪ੍ਰਤਿ ਪਰਮੇਸ਼ੁਰ ਦੇ ਦਯਾ ਭਰੇ ਕੰਮਾਂ ਤੇ ਅਧਾਰਤ ਸੀ, ਨਾ ਕਿ ਜੋ ਇਸਰਾਏਲ ਦੇ ਦੁਆਰਾ ਪਰਮੇਸ਼ੁਰ ਦੇ ਲਈ ਕੀਤੇ ਕੰਮਾਂ ਦੇ ਕਾਰਣ ਜਾਂ ਉਨ੍ਹਾਂ ਨੇ ਪਰਮੇਸ਼ੁਰ ਦੇ ਲਈ ਜੋ ਕਰਨ ਦਾ ਵਾਇਦਾ ਕੀਤਾ ਸੀ ਉਸ ਦੇ ਕਾਰਣ (ਬਿਵਸਥਾ ਸਾਰ 7:6-8; 9:4-6)।

**ਆਇਤ 5.** ਨੇਮ ਦੇ ਆਧਾਰ ਦੇ ਰੂਪ ਵਿਚ ਆਪਣੇ ਕਿਰਪਾ ਦੇ ਕੰਮਾਂ ਦੇ ਵਿਸ਼ੇ ਵਿਚ ਬੋਲਣ ਤੋਂ ਬਾਅਦ, ਪਰਮੇਸ਼ੁਰ ਨੇ ਨੇਮ ਦੀਆਂ ਸ਼ਰਤਾਂ ਦੀ ਵਿਆਖਿਆ ਕੀਤੀ। ਇਸਰਾਏਲੀਆਂ ਦੀ ਜ਼ਿੰਮੇਵਾਰੀ [ਪਰਮੇਸ਼ੁਰ ਦੀ] **ਅਵਾਜ਼ ਦੇ ਸਰੋਤੇ** ਅਤੇ [ਉਸ ਦੇ] **ਨੇਮ ਦੀ ਮਨੌਤ** ਕਰਨਾ ਸੀ - ਇੱਕੋ ਗੱਲ ਕਹਿਣ ਦੇ ਦੋ ਤਰੀਕੇ। ਬਦਲੇ ਵਿਚ, ਪਰਮੇਸ਼ੁਰ ਇਸਰਾਏਲ ਨੂੰ ਸੰਸਾਰ ਦੀਆਂ **ਸਾਰੀਆਂ ਕੌਮਾਂ ਵਿੱਚੋਂ** ਆਪਣੀ **ਨਿਜੀ ਪਰਜਾ** ਬਣਾਉਣ ਦੇ ਦੁਆਰਾ ਬਰਕਤ ਦੇਵੇਗਾ। ਇਹ ਹਵਾਲਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ, ਇਸਰਾਏਲੀਆਂ ਦੇ ਵਿਸ਼ੇ ਵਿਚ ਹੋਰ ਜੋ ਕੁੱਝ ਵੀ ਕਿਹਾ ਜਾ ਸਕਦਾ ਹੈ, ਉਹ ਪੁਰਾਣੇ ਨੇਮ ਵਿਚ ਪਰਮੇਸ਼ੁਰ ਦੇ ਵਿਸ਼ੇਸ਼ ਲੋਕ ਸਨ।[6] ਪਰਮੇਸ਼ੁਰ ਦੇ ਕੋਲ ਇਸਰਾਏਲੀਆਂ ਨੂੰ ਚੁਣਨ ਦਾ ਅਧਿਕਾਰ ਸੀ ਕਿਉਂਕਿ **ਸਾਰੀ ਧਰਤੀ** ਉਸੇ ਦੀ ਹੈ।

## ਸੀਨਈ ਪਹਾੜ ਤੇ ਮੂਸਾ ਦੀਆਂ ਯਾਤਰਾਵਾਂ[1]

*ਯਾਤਰਾ 1. ਪਰਮੇਸ਼ੁਰ ਨੇ ਇਕ ਨੇਮ ਪੇਸ਼ ਕੀਤਾ* (19:3-7)। ਪਰਮੇਸ਼ੁਰ ਨੇ ਇਸਰਾਏਲ ਦੇ ਨਾਲ ਇਕ ਨੇਮ ਬੰਨ੍ਹਣ ਦੀ ਪੇਸ਼ਕਸ਼ ਕੀਤੀ, ਅਤੇ ਮੂਸਾ ਨੇ ਹੇਠਾਂ ਜਾ ਕੇ ਇਸਰਾਏਲ ਨੂੰ ਦਿੱਤੀ ਪਰਮੇਸ਼ੁਰ ਦੀ ਪੇਸ਼ਕਸ਼ ਨੂੰ ਦੁਹਰਾਇਆ।

*ਯਾਤਰਾ 2. ਲੋਕਾਂ ਨੇ ਪੇਸ਼ਕਸ਼ ਨੂੰ ਸਵੀਕਾਰ ਕਰ ਲਿਆ* (19:8-15)। ਮੂਸਾ ਨੇ ਪਰਮੇਸ਼ੁਰ ਨੂੰ ਇਸਰਾਏਲ ਦਾ ਜਵਾਬ ਦਿੱਤਾ ਅਤੇ ਪਰਮੇਸ਼ੁਰ ਦੇ ਕੋਲੋਂ ਇਕ ਸੰਦੇਸ਼ ਪ੍ਰਾਪਤ ਕੀਤਾ ਕਿ ਪਰਮੇਸ਼ੁਰ ਪਹਾੜ ਤੇ ਉੱਤਰੇਗਾ।

*ਯਾਤਰਾ 3. ਪਰਮੇਸ਼ੁਰ ਨੇ ਲੋਕਾਂ ਨੂੰ ਬਿਵਸਥਾ ਨੂੰ ਗ੍ਰਹਿਣ ਕਰਨ ਦੇ ਲਈ ਤਿਆਰ ਕੀਤਾ* (19:20-25)। ਪਰਮੇਸ਼ੁਰ ਨੇ ਮੂਸਾ ਨੂੰ ਉੱਪਰ ਬੁਲਾਇਆ ਕਿ ਉਸ ਨੂੰ ਚੇਤਾਵਨੀ ਦੇਵੇ ਕਿ ਲੋਕਾਂ ਨੂੰ ਨੇੜੇ ਨਾ ਆਉਣ ਦਿਓ, ਅਤੇ ਉਸ ਨੂੰ ਇਹ ਕਹੇ ਕਿ ਉਹ ਕੁੱਝ ਹੋਰ ਲੋਕਾਂ ਨੂੰ ਨਾਲ ਲੈ ਕੇ ਆਵੇ; 19:25 ਕਹਿੰਦੀ ਹੈ ਕਿ ਮੂਸਾ ਹੇਠਾਂ ਗਿਆ ਅਤੇ ਲੋਕਾਂ ਨੂੰ ਕਿਹਾ। ਕੂਚ 20 ਅਧਿਆਇ ਵਿਚ ਪਰਮੇਸ਼ੁਰ ਨੇ ਪਹਾੜ ਦੇ ਹੇਠਾਂ ਮੰਡਲੀ ਨੂੰ ਦੱਸ ਹੁਕਮ ਦਿੱਤੇ। ਲੋਕਾਂ ਨੇ ਆਪਣੀ ਜਗਾ ਤੋਂ ਪਰਮੇਸ਼ੁਰ ਦੀ ਅਵਾਜ਼ ਨੂੰ ਸੁਣਿਆ। ਡਰੇ ਹੋਏ ਹੋਣ ਦੇ ਕਾਰਣ, ਉਨ੍ਹਾਂ ਨੇ ਮੂਸਾ ਨੂੰ ਕਿਹਾ ਕਿ ਉਹ ਉਨ੍ਹਾਂ ਦੇ ਨਾਲ ਗੱਲਾਂ ਕਰੇ।

*ਯਾਤਰਾ 4. ਪਰਮੇਸ਼ੁਰ ਨੇ ਵੱਡੇ ਵਿਸਤਾਰ ਨਾਲ ਸ਼ਰਾ ਦਿੱਤੀ* (20:21-23:33)। ਇਹ ਬਿਆਨ ਕਿ ਮੂਸਾ "ਉਸ ਘੁੱਪ ਅਨ੍ਹੇਰ ਦੇ ਕੋਲ ਢੁੱਕਾ ਜਿੱਥੇ ਪਰਮੇਸ਼ੁਰ ਸੀ" ਪਹਾੜ ਦੇ ਉੱਤੇ ਮੂਸਾ ਦੀ ਅਗਲੀ ਯਾਤਰਾ ਨੂੰ ਦਰਸਾਉਂਦਾ ਹੈ। ਪਰਮੇਸ਼ੁਰ ਨੇ ਨੇਮ ਦੀ ਪੋਥੀ ਵਿਚ ਸ਼ਰਾ ਦਿੱਤੀ ਅਤੇ ਉਨ੍ਹਾਂ ਨੂੰ ਲਿਖਿਆ (24:3, 4)। ਅਧਿਆਇ 24:3 ਵਿਚ ਮੂਸਾ ਹੇਠਾਂ ਆ ਗਿਆ; ਪਰ ਉਸ ਦੇ ਹੇਠਾਂ ਉੱਤਰਣ ਤੋਂ ਪਹਿਲਾਂ, ਉਸ ਨੂੰ ਵਚਨ ਆਇਆ ਕਿ ਉਸ ਨੂੰ ਦੁਬਾਰਾ ਉੱਪਰ ਜਾਣਾ ਪੈਣਾ ਸੀ ਅਤੇ ਹੋਰਨਾਂ ਨੂੰ ਵੀ ਆਪਣੇ ਨਾਲ ਲੈ ਜਾਣਾ ਸੀ (24:1, 2)।

*ਯਾਤਰਾ 5. ਪਰਮੇਸ਼ੁਰ ਨੇ ਇਸਰਾਏਲ ਦੇ ਆਗੂਆਂ ਦੇ ਨਾਲ ਮੁਲਾਕਾਤ ਕੀਤੀ* (24:9-11)। ਮੂਸਾ ਆਗੂਆਂ ਦੇ ਇਕ ਸਮੂਹ ਨੂੰ ਆਪਣੇ ਨਾਲ ਪਹਾੜ ਉੱਤੇ ਲੈ ਗਿਆ, ਅਤੇ ਉਨ੍ਹਾਂ ਦੇ ਨਾਲ ਆਪਣੇ ਨੇਮ ਨੂੰ ਸਥਿਰ ਕਰਨ ਦੀ ਦਾਅਵਤ ਨੂੰ ਮਨਾਇਆ।

*ਯਾਤਰਾ 6. ਪਰਮੇਸ਼ੁਰ ਨੇ ਤੰਬੂ ਦੇ ਸੰਬੰਧ ਵਿਚ ਹਿਦਾਇਤਾਂ ਦਿੱਤੀਆਂ* (24:12-31:18)। ਮੂਸਾ "ਪੱਥਰ ਦੀਆਂ ਪੱਟੀਆਂ ਅਤ ਬਿਵਸਥਾ ਅਤੇ ਹੁਕਮ" ਲੈਣ ਦੇ ਲਈ ਉੱਪਰ ਗਿਆ ਸੀ (24:12)। ਉਸ ਨੇ ਤੰਬੂ ਨੂੰ ਬਣਾਉਣ ਦੀਆਂ ਹਿਦਾਇਤਾਂ ਵੀ ਪ੍ਰਾਪਤ ਕੀਤੀਆਂ। ਇਸ ਵਾਰ ਉਹ ਚਾਲੀ ਦਿਨ ਅਤੇ ਚਾਲੀ ਰਾਤਾਂ ਦੇ ਲਈ ਉੱਥੇ ਸੀ (24:18)। ਜਦੋਂ ਉਹ ਇਸਰਾਏਲੀ ਡੇਰੇ ਵਿਚ ਪਹੁੰਚਿਆ, ਤਾਂ ਉਸ ਦੇ ਕੋਲ ਪੱਥਰ ਦੀਆਂ ਉਹ ਪੱਟੀਆਂ ਸਨ ਜੋ ਜਿਨ੍ਹਾਂ ਦੇ ਉੱਤੇ ਪਰਮੇਸ਼ੁਰ ਨੇ ਆਪਣੀ ਉਂਗਲੀ ਦੇ ਨਾਲ ਦਸ ਹੁਕਮਾਂ ਨੂੰ ਲਿਖਿਆ ਸੀ (31:18; ਬਿਵਸਥਾ ਸਾਰ 5:22) - ਪਰ ਉਸ ਨੂੰ ਪਤਾ ਲੱਗ ਗਿਆ ਕਿ ਲੋਕ ਮੂਰਤੀਪੂਜਾ ਵਿਚ ਸ਼ਾਮਲ ਹੋ ਗਏ ਸਨ (ਅਧਿਆਇ 32)।

*ਯਾਤਰਾ 7. ਜਦੋਂ ਪਰਮੇਸ਼ੁਰ ਨੇ ਨੇਮ ਨੂੰ ਨਵਾਂ ਕੀਤਾ, ਤਾਂ ਮੂਸਾ ਨੇ ਦੂਸਰੀ ਵਾਰ ਬਿਵਸਥਾ ਨੂੰ ਪ੍ਰਾਪਤ ਕੀਤਾ* (ਅਧਿਆਇ 34)। ਮੂਸਾ ਪੱਥਰ ਦੀਆਂ ਦੋ ਨਵੀਆਂ ਪੱਟੀਆਂ ਦੇ ਨਾਲ ਦੂਸਰੀ ਵਾਰ ਉੱਪਰ ਚੜ੍ਹਿਆ, ਅਤੇ ਦੂਸਰੀ ਵਾਰ ਦਸ ਹੁਕਮ ਪ੍ਰਾਪਤ ਕੀਤੇ। ਉਹ ਚਾਲੀ ਦਿਨ ਅਤੇ ਚਾਲੀ ਰਾਤਾਂ ਉੱਥੇ ਰਿਹਾ (34:28)।

[1]ਵਿਦਵਾਨਾਂ ਨੇ 19:9 ਅਤੇ 32:31 ਤੋਂ ਹੋਰ ਯਾਤਰਾਵਾਂ ਦਾ ਅਨੁਮਾਨ ਲਗਾਇਆ ਹੈ।

ਇਹ ਭਾਵ “ਨਿਜੀ ਪਰਜਾ” (לִי סְגֻלָּה, *ਲੀ ਸੇਗੁੱਲਾਹ)* ਦਾ ਅਨੁਵਾਦ “ਮੇਰੇ ਲਈ ਇੱਕ ਵਿਸ਼ੇਸ਼ ਖਜ਼ਾਨਾ” (KJV), “ਮੇਰੇ ਲਈ ਇਕ ਖਾਸ ਖਜ਼ਾਨਾ” (NKJV), “ਮੇਰਾ ਕੀਮਤੀ ਖਜ਼ਨਾ” (NRSV; NIV), ਅਤੇ “ਮੇਰਾ ਨਿਜੀ ਖਜ਼ਾਨਾ” (NJB) ਕੀਤਾ ਗਿਆ ਹੈ। ਹੋਰ ਵੀ ਮੂਲ ਪਾਠ ਜੋ ਪਰਮੇਸ਼ੁਰ ਦੇ ਨਾਲ ਇਸਰਾਏਲ ਦੇ ਸੰਬੰਧ ਨੂੰ ਦਰਸਾਉਂਦੇ ਹਨ ਉਨ੍ਹਾਂ ਵਿਚ ਵੀ ਇਹ ਵਾਕ ਪਾਇਆ ਜਾਂਦਾ ਹੈ (ਬਿਵਸਥਾ ਸਾਰ 7:6; 14:2; 26:18; ਜ਼ਬੂਰਾਂ ਦੀ ਪੋਥੀ 135:4)। ਸ਼ਬਦ *ਸੇਗੁੱਲਾਹ* ਚਾਂਦੀ ਸੋਨੇ ਵਰਗੇ ਨਿਜੀ ਖਜ਼ਾਨੇ ਦੇ ਨਾਲ ਜੁੜਿਆ ਹੋਇਆ ਹੈ (1 ਇਤਹਾਸ 29:3; ਉਪਦੇਸ਼ਕ ਦੀ ਪੋਥੀ 2:8)। ਵਰਤਮਾਨ ਪ੍ਰਸੰਗ ਵਿਚ, ਭਾਸ਼ਾ ਦਾ ਅਰਥ ਹੋਰਨਾਂ ਸਭ ਚੀਜ਼ਾਂ ਤੋਂ ਵੱਧ ਮੁੱਲਵਾਨ ਬੇਸ਼ਕੀਮਤੀ ਖਜ਼ਾਨੇ ਤੋਂ ਹੈ। ਇਸ ਲਈ, ਪਰਮੇਸ਼ੁਰ ਦੀ “ਨਿਜੀ ਪਰਜਾ” (CEV) ਹੋਣ ਦਾ ਵਿਸ਼ੇਸ਼ ਅਧਿਕਾਰ ਵਿਸ਼ੇਸ਼ ਬਰਕਤਾਂ ਦਿੰਦਾ ਹੈ, ਜਿਵੇਂ ਕਿ ਪਰਮੇਸ਼ੁਰ ਉਨ੍ਹਾਂ ਲੋਕਾਂ ਦੀ ਦੇਖਭਾਲ ਕਰਦਾ ਅਤੇ ਉਨ੍ਹਾਂ ਨੂੰ ਬਰਕਤ ਦਿੰਦਾ ਹੈ ਜੋ ਉਸ ਦੇ ਹਨ।

**ਆਇਤ 6.** ਪਰਮੇਸ਼ੁਰ ਨੇ ਇਸ ਵਿਚਾਰ ਨੂੰ ਇਸ ਤੱਥ ਦੇ ਨਾਲ ਜੋੜਿਆ ਕਿ ਇਸਰਾਏਲ **ਜਾਜਕਾਂ ਦੀ ਬਾਦਸ਼ਾਹੀ ਅਤੇ ਪਵਿੱਤ੍ਰ ਕੌਮ** ਹੋਵੇਗੀ। NRSV ਵਿਚ “ਜਾਜਕਾਂ ਦੀ ਬਾਦਸ਼ਾਹੀ” (מַמְלֶכֶת כֹּהֲנִים, *ਮਮਲੇਕੇਥ ਕੋਹਾਨੀਮ)* ਦਾ ਅਨੁਵਾਦ “ਜਾਜਕਾਂ ਦਾ ਸ਼ਾਹੀ ਰਾਜ” ਕੀਤਾ ਗਿਆ ਹੈ। ਵਾਲਟਰ ਸੀ. ਕੇਸਰ, ਜੂਨੀਅਰ, ਨੇ ਕਿਹਾ ਕਿ ਅਸਲ ਵਿਚ, ਇਬਰਾਨੀ ਵਾਕ ਦੇ ਚਾਰ ਉੱਤਰ ਦੇਣ ਯੋਗ ਅਨੁਵਾਦ ਕੀਤੇ ਗਏ ਹਨ: “ਰਾਜੇ, [ਅਰਥਾਤ,] ਜਾਜਕ,” “ਸ਼ਾਹੀ ਜਾਜਕ,” “ਰਾਜੇ (ਅਤੇ) ਜਾਜਕ।”[7]

ਜੇਮਸ ਬਰਟਨ ਕੌਫ਼ਮੈਨ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਹਵਾਲਾ ਦਰਸਾਉਂਦਾ ਹੈ “ਕਿ ਯਹੂਦੀ ਜਾਜਕਪੁਣਾ ਜੋ ਪਰਮੇਸ਼ੁਰ ਨੇ ਬਾਅਦ ਵਿਚ ਇਸਰਾਏਲ ਨੂੰ ਦਿੱਤਾ ਉਹ ਮੂਲ ਉਦੇਸ਼ *ਨਹੀਂ* ਸੀ” ਕਿ ਅਸਲ ਵਿਚ ਪਰਮੇਸ਼ੁਰ ਮੂਲ ਤੌਰ ਤੇ ਚਾਹੁੰਦਾ ਹੈ ਕਿ ਹਰੇਕ ਵਿਸ਼ਵਾਸੀ ਇੱਕ ਜਾਜਕ ਦਾ ਕੰਮ ਕਰੇ।[8] ਪਰ, ਜਾਜਕੀ ਪ੍ਰਣਾਲੀ ਪਰਮੇਸ਼ੁਰ ਦੀ ਯੋਜਨਾ ਵਿਚ ਇੱਕ ਵਿਕਲਪ ਜਾਂ ਹਲਕਾ ਵਿਕਲਪ ਨਹੀਂ ਹੋ ਸਕਦੀ ਸੀ। ਇਸ ਸਮੇਂ ਤੋਂ ਤੁਰੰਤ ਬਾਅਦ ਸ਼ੁਰੂ ਕੀਤੀ ਗਈ ਜਾਜਕੀ ਪ੍ਰਣਾਲੀ “ਆਉਣ ਵਾਲੀਆਂ ਚੰਗੀਆਂ ਚੀਜ਼ਾਂ ਦਾ ਪਰਛਾਵਾਂ” ਸੀ (ਇਬਰਾਨੀਆਂ 10:1), ਜੋ ਬਾਅਦ ਦੇ ਦਿਨਾਂ ਵਿਚ ਲੋਕਾਂ ਨੂੰ ਨਵੇਂ ਨੇਮ ਦੇ ਤਹਿਤ ਮਨੁੱਖ ਦੇ ਨਾਲ ਪਰਮੇਸ਼ੁਰ ਦੇ ਵਿਹਾਰ ਨੂੰ ਸਮਝਣ ਦੇ ਯੋਗ ਬਣਾਉਣਾ ਸੀ।

ਕੌਫ਼ਮੈਨ ਦੇ ਵਿਚਾਰਾਂ ਦੇ ਉਲਟ, ਜ਼ਿਆਦਾਤਰ ਟਿੱਪਣੀਕਾਰ ਵਿਅਕਤੀਗਤ ਜਾਜਕਾਂ ਦੀ ਬਜਾਇ ਪੂਰੇ ਰਾਸ਼ਟਰ ਨੂੰ “ਜਾਜਕਾਂ ਦੇ ਰਾਜ,” ਜਾਂ ਇਕ ਜਾਜਕੀ ਰਾਜ ਦੇ ਰੂਪ ਵਿਚ ਵੇਖਦੇ ਹਨ। ਉਦਾਹਰਣ ਦੇ ਤੌਰ ਤੇ, ਆਰ. ਐਲਨ ਕੋਲ ਨੇ ਲਿਖਿਆ, “ਇਹ ਇਸਰਾਏਲ ਦਾ ਸਰਵ ਵਿਆਪਕ ਜਾਜਕੀ ਦਰਜਾ ਹੈ ਜਿਸ ਤੇ ਧਿਆਨ ਦਿੱਤੀ ਗਿਆ ਹੈ।”[9] ਇਹ ਸਮਝ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ *ਇਸਰਾਏਲ ਨੇ ਕਿਸ ਕਿਸਮ ਦੇ ਲੋਕ ਬਣਨਾ ਸੀ।* ਜੌਨ ਆਈ. ਡਰਹਮ ਨੇ ਕਿਹਾ ਕਿ ਵਾਕ “ਵਰਣਨ ਕਰਦਾ ਹੈ ਕਿ ਇਸਰਾਏਲ ਨੂੰ ਹਮੇਸ਼ਾ ਕਿਹੋ ਜਿਹਾ ਹੋਣਾ ਚਾਹੀਦਾ ਸੀ: ਇੱਕ ਅਜਿਹਾ ਰਾਜ ਜੋ ਨੇਤਾਵਾਂ ਦੁਆਰਾ ਸਮਝ ਅਤੇ ਤਾਕਤ ਦੇ ਆਧਾਰ ਤੇ ਨਹੀਂ ਸਗੋਂ ਯਹੋਵਾਹ ਤੇ ਵਿਸ਼ਵਾਸ ਦੇ ਆਧਾਰ ਜਾਜਕਾਂ ਦੇ ਦੁਆਰਾ ਚਲਾਇਆ ਜਾਂਦਾ ਹੈ, ਇਕ ਸ਼ਾਸਕ ਰਾਸ਼ਟਰ ਦੀ ਬਜਾਇ ਇਕ ਦਾਸ ਰਾਸ਼ਟਰ।”[10]

ਦੂਸਰਾ ਜ਼ੋਰ ਇਸ ਗੱਲ ਤੇ ਹੈ ਕਿ *ਰਾਸ਼ਟਰ ਨੂੰ ਕੀ ਕਰਨਾ ਚਾਹੀਦਾ ਸੀ।* ਜਾਜਕਾਂ ਦੇ ਰਾਜ ਦੇ ਰੂਪ ਵਿਚ, ਲੋਕਾਂ ਦੀ ਜ਼ਿੰਮੇਵਾਰੀ ਸੀ ਕਿ ਉਹ ਪ੍ਰਭੂ ਵਿਚ ਆਪਣੇ ਗਿਆਨ ਨੂੰ ਹੋਰਨਾਂ ਰਾਸ਼ਟਰਾਂ ਦੇ ਲੋਕਾਂ ਦੇ ਨਾਲ ਵੀ ਸਾਂਝਾ ਕਰਨ। ਕੈਸਰ ਨੇ ਇਸ ਨੂੰ ਚੰਗੀ ਤਰ੍ਹਾਂ ਪੇਸ਼ ਕੀਤਾ: “ਪੂਰੀ ਕੌਮ ਨੂੰ ਧਰਤੀ ਦੀਆਂ ਕੌਮਾਂ ਦੇ ਲਈ ਪਰਮੇਸ਼ੁਰ ਦੀ ਕਿਰਪਾ ਦੇ ਵਿਚੋਲੇ ਦੇ ਰੂਪ ਵਿਚ ਕੰਮ ਕਰਨਾ ਸੀ,

ਜਿਵੇਂ ਕਿ ਅਬਰਾਹਾਮ ਨਾਲ ਵਾਇਦਾ ਕੀਤਾ ਗਿਆ ਸੀ ਕਿ ਤੇਰੇ ਕਾਰਨ ਸਰਿਸ਼ਟੀ ਦੇ ਸਾਰੇ ਘਰਾਣੇ ਮੁਬਾਰਕ ਹੋਣਗੇ (ਉਤਪਤ 12:3)।"[11] ਡਰਹਮ ਨੇ ਟਿੱਪਣੀ ਕੀਤੀ ਕਿ ਇਹ ਭਾਵ ਇਸਰਾਏਲ ਨੂੰ ਇੱਕ ਅਜਿਹੀ ਕੌਮ ਦੇ ਰੂਪ ਵਿਚ ਪੇਸ਼ ਕਰਦਾ ਹੈ ਜੋ "ਜੋ ਯਹੋਵਾਹ ਦੀ ਮੌਜੂਦਗੀ ਵਿਚ ਸੇਵਕਾਈ ਨੂੰ ਪੂਰੇ ਸੰਸਾਰ ਵਿਚ ਫੈਲਾਉਣ ਦੇ ਲਈ ਵਚਨਬੱਧ" ਹੈ।"[12]

ਇਸਰਾਏਲ ਨੇ ਇੱਕ "ਪਵਿੱਤ੍ਰ ਕੌਮ" ਹੋਣਾ ਸੀ, ਅਰਥਾਤ, ਇੱਕ ਅਜਿਹੀ ਕੌਮ ਜੋ ਪਰਮੇਸ਼ੁਰ ਦੇ ਵਿਸ਼ੇਸ਼ ਉਪਯੋਗ ਦੇ ਲਈ ਹੋਰਨਾਂ ਕੌਮਾਂ ਤੋਂ ਵੱਖਰੀ ਕੀਤੀ ਗਈ ਹੈ। "ਪਵਿੱਤਰ" (ਯ਼ਾਂ੍ਕ਼, *ਕਡੋਸ਼)* ਉਸ ਦਾ ਵਰਣਨ ਕਰ ਸਕਦਾ ਹੈ ਕਿ ਜੋ ਸੁਭਾਵਿਕ ਤੌਰ ਤੇ ਪਵਿੱਤਰ (ਪਰਮੇਸ਼ੁਰ) ਹੈ, ਉਸ ਦੇ ਨਾਲ ਨਾਲ ਜੋ ਪਵਿੱਤਰ (ਇਸ ਮਾਮਲੇ ਵਿਚ, ਇਸਰਾਏਲ) ਬਣ ਗਿਆ ਹੈ। ਪਵਿੱਤਰਤਾ ਪਰਮੇਸ਼ੁਰ ਦੀ ਰੱਬੀ ਹੋਂਦ, ਦੇ ਨਾਲ ਨਾਲ ਰੱਬੀ ਸੰਸਕਾਰਾਂ ਤੋਂ ਲਈ ਗਈ ਹੈ। "ਪਵਿੱਤਰ" ਵਸਤੂਆਂ, ਸਥਾਨ, ਅਤੇ ਲੋਕ ਉਨ੍ਹਾਂ ਚੀਜ਼ਾਂ ਜਾਂ ਲੋਕਾਂ ਤੋਂ ਅਲੱਗ ਹੁੰਦੇ ਹਨ ਜੋ ਆਮ ਜਾਂ ਅਪਵਿੱਤਰ ਹਨ। ਕਿਉਂਕਿ ਪਵਿੱਤਰਤਾ ਪਰਮੇਸ਼ੁਰ ਤੋਂ ਸ਼ੁਰੂ ਹੁੰਦੀ ਹੈ, ਇਸ ਲਈ ਇਸ ਵਿਚ ਭਲਾਈ ਅਤੇ ਸ਼ੁੱਧਤਾ ਸ਼ਾਮਲ ਹੁੰਦੀ ਹੈ। ਇਸਰਾਏਲ ਦੇ ਲਈ "ਪਵਿੱਤਰ ਕੌਮ" ਹੋਣ ਦਾ ਕੀ ਅਰਥ ਹੈ ਇਸ ਨੂੰ ਬਾਅਦ ਵਿਚ, ਖਾਸ ਤੌਰ ਤੇ ਲੇਵੀਆਂ ਦੀ ਪੋਥੀ ਵਿਚ ਵਧੇਰੇ ਵਿਸਥਾਰ ਦੇ ਨਾਲ ਸਮਝਾਇਆ ਗਿਆ ਹੈ।

**ਆਇਤਾਂ *7*, 8.** ਨੇਮ ਬੰਨ੍ਹਣ ਦੀ ਪ੍ਰਕਿਰਿਆ ਵਿਚ ਅਗਲਾ ਕਦਮ ਇਹ ਸੀ ਕਿ ਲੋਕ ਪ੍ਰਭੂ ਦੀਆਂ ਸ਼ਰਤਾਂ ਨਾਲ ਸਹਿਮਤ ਹੋਣ। ਭਾਵੇਂ ਇਸਰਾਏਲੀ ਪਰਮੇਸ਼ੁਰ ਦੇ ਨੇਮਬੱਧ ਲੋਕ ਬਣਨ ਦੇ ਲਾਇਕ ਨਹੀਂ ਸਨ ਅਤੇ ਨੇਮ ਦੇ ਨਿਯਮਾਂ ਨੂੰ ਤੈਅ ਨਹੀਂ ਕਰ ਸਕੇ, ਪਰ ਪਰਮੇਸ਼ੁਰ ਨੇ ਉਨ੍ਹਾਂ ਨੂੰ ਆਪਣੇ ਪ੍ਰਸਤਾਵ ਨੂੰ ਗ੍ਰਹਿਣ ਕਰਨ ਜਾਂ ਰੱਦ ਦੇਣ ਦਾ ਮੌਕਾ ਦਿੱਤਾ। **ਮੂਸਾ** ਨੇ **ਪਰਜਾ ਦੇ** ਪ੍ਰਤਿਨਿਧੀਆਂ ਦੇ ਰੂਪ ਵਿਚ, **ਬਜ਼ੁਰਗਾਂ** ਨੂੰ ਇਕੱਠਾ ਕੀਤਾ, ਅਤੇ **ਯਹੋਵਾਹ** ਦੇ **ਹੁਕਮ** ਉਨ੍ਹਾਂ ਅੱਗੇ ਪੇਸ਼ ਕੀਤੇ। ਸ਼ਾਇਦ, ਲੋਕ ਵੀ ਹਾਜ਼ਰ ਸਨ, ਜਾਂ ਬਜ਼ੁਰਗਾਂ ਨੇ ਉਨ੍ਹਾਂ ਨੂੰ ਸੂਚਨਾ ਦਿੱਤੀ ਸੀ ਕਿ ਮੂਸਾ ਨੇ ਕੀ ਕਿਹਾ ਸੀ। ਇਸ ਦਾ ਸਿੱਟਾ ਇਹ ਨਿਕਲਿਆ: **ਫੇਰ ਸਾਰੀ ਪਰਜਾ ਨੇ ਰਲ ਕੇ ਉੱਤ੍ਰ ਦਿੱਤਾ, ਸਭ ਕੁਝ ਜੋ ਯਹੋਵਾਹ ਬੋਲਿਆ ਹੈ ਅਸੀਂ ਕਰਾਂਗੇ!**

ਇਹ ਇਕਰਾਰਨਾਮਾ ਫਿਰ ਨੇਮ ਬਣ ਗਿਆ ਜਿਸ ਦੇ ਉੱਤੇ ਇਸਰਾਏਲ ਦੇ ਨਾਲ ਪਰਮੇਸ਼ੁਰ ਦਾ ਵਿਹਾਰ ਅਧਾਰਤ ਸੀ। ਇਸ ਸਮੇਂ ਤੋਂ ਅੱਗੇ, ਜਦੋਂ ਤਕ ਇਸਰਾਏਲੀ "ਸਭ ਕੁਝ ਜੋ ਯਹੋਵਾਹ ਬੋਲਿਆ [ਸੀ]" ਉਸ ਨੂੰ ਪੂਰਾ ਕਰਨ ਵਿਚ ਸੱਚੇ ਬਣੇ ਰਹੇ ਉਸ ਸਮੇਂ ਤਕ ਪਰਮੇਸ਼ੁਰ ਨੇ ਉਨ੍ਹਾਂ ਨੂੰ ਆਪਣੇ ਲੋਕਾਂ ਦੇ ਰੂਪ ਵਿਚ ਬਰਕਤ ਦਿੱਤੀ। ਜਦੋਂ ਉਹ "ਸਭ ਕੁਝ ਕਰਨ ਵਿਚ ਅਸਫਲ ਰਹੇ ਜੋ ਯਹੋਵਾਹ ਬੋਲਿਆ [ਸੀ]" ਤਾਂ ਪਰਮੇਸ਼ੁਰ ਉਨ੍ਹਾਂ ਦਾ ਰੱਖਿਅਕ ਅਤੇ ਮੁਹੱਈਆ ਕਰਨ ਵਾਲਾ ਹੋਣ ਤੋਂ ਮੁਕਤ ਹੋ ਗਿਆ ਸੀ।

ਬਾਅਦ ਵਿਚ, ਜਦੋਂ ਪਰਮੇਸ਼ੁਰ ਨੇ ਬਿਵਸਥਾ ਨੂੰ ਹੋਰ ਵਿਸਥਾਰ ਨਾਲ ਸਮਝਾਇਆ, ਤਾਂ ਇਹ ਗੱਲ ਸਪੱਸ਼ਟ ਹੋ ਗਈ ਕਿ ਜੇਕਰ ਲੋਕ ਉਸ ਦੀ ਆਗਿਆਕਾਰੀ ਕਰਨ ਵਿਚ ਅਸਫਲ ਰਹਿ ਜਾਣਗੇ ਤਾਂ ਉਨ੍ਹਾਂ ਦੇ ਉੱਤੇ ਪਰਮੇਸ਼ੁਰ ਵੱਲੋਂ ਸਰਾਪ ਪੈਣਗੇ। ਫਿਰ ਵੀ, ਉਨ੍ਹਾਂ ਦੇ ਪਾਪ ਦੇ ਕਾਰਣ ਪਰਮੇਸ਼ੁਰ ਨੇ ਇਸਰਾਏਲ ਦੇ ਨਾਲ ਆਪਣੇ ਰਿਸ਼ਤੇ ਨੂੰ ਨਹੀਂ ਤੋੜਿਆ। ਪੁਰਾਣਾ ਨੇਮ ਦੇ, ਕੂਚ 19 ਅਧਿਆਇ ਤੋਂ, ਇਸ ਗੱਲ ਦਾ ਇਤਹਾਸ ਸ਼ੁਰੂ ਹੁੰਦਾ ਹੈ ਕਿ ਇਸਰਾਏਲੀ ਕਿਵੇਂ ਆਪਣੇ ਵਾਇਦੇ ਨੂੰ ਪੂਰਾ ਕਰਦੇ ਸਨ, - ਜਾਂ, ਜ਼ਿਆਦਾਤਰ - ਪਰਮੇਸ਼ੁਰ ਦੇ ਨਾਲ ਵਾਇਦੇ ਨੂੰ ਪੂਰਾ ਕਰਨ ਵਿਚ ਅਸਫਲ ਹੋ ਜਾਂਦੇ ਸਨ ਤਾਂ ਨਤੀਜੇ ਵਜੋਂ ਪਰਮੇਸ਼ੁਰ ਉਨ੍ਹਾਂ ਨੂੰ ਕਿਵੇਂ ਬਰਕਤ ਜਾਂ ਸਰਾਪ ਦਿੰਦਾ ਸੀ।

ਨੇਮ ਦੇ ਇਸ ਲੈਣ-ਦੇਣ ਵਿਚ, **ਮੂਸਾ** ਨੇ ਇਕ ਵਿਚੋਲੇ ਦੇ ਰੂਪ ਵਿਚ ਕੰਮ ਕੀਤਾ। ਇਸਰਾਏਲ ਦੇ ਲਈ ਪਰਮੇਸ਼ੁਰ ਦੇ ਪ੍ਰਤੀਨਿਧੀ ਦੇ ਰੂਪ ਵਿਚ, ਉਸ ਨੇ ਪਰਮੇਸ਼ੁਰ ਦੇ ਵਚਨ ਨੂੰ **ਪਰਜਾ** ਦੇ ਅੱਗੇ ਰੱਖਿਆ। ਫਿਰ, ਇਸਰਾਏਲੀਆਂ ਦੇ ਲਈ ਪਰਮੇਸ਼ੁਰ ਦੇ ਪ੍ਰਤੀਨਿਧੀ ਦੇ ਰੂਪ ਵਿਚ, ਉਸ ਨੇ ਉਨ੍ਹਾਂ

ਦੇ ਉੱਤਰ ਨੂੰ **ਯਹੋਵਾਹ** ਦੇ ਸਾਹਮਣੇ ਰੱਖਿਆ।

**ਆਇਤ 9. ਯੋਹਵਾਹ** ਨੇ **ਮੂਸਾ** ਨੂੰ ਆਖਿਆ ਕਿ ਉਹ **ਬੱਦਲ ਦੇ ਵਿੱਚ ਓਹਲੇ ਵਿੱਚ** ਪਹਾੜ ਤੇ ਉੱਤਰੇਗਾ **ਤਾਂ ਜੋ ਪਰਜਾ ਗੱਲਾਂ ਸੁਣੇ ਜਿਹੜੀਆਂ** ਉਹ ਮੂਸਾ ਨਾਲ ਬੋਲੇ ਅਤੇ ਮੂਸਾ **ਉੱਤੇ ਪਰਤੀਤ ਕਰੇ** (ਵੇਖੋ 14:31)। ਜਦੋਂ **ਮੂਸਾ** ਪਹਾੜ ਤੇ ਸੀ, ਤਾਂ ਪਰਮੇਸ਼ੁਰ ਨੇ 19:10-13 ਵਿਚ ਹੋਰ ਹਿਦਾਇਤਾਂ ਦਿੱਤੀਆਂ।

## ਪਰਮੇਸ਼ੁਰ ਦੇ ਲਈ ਉਨ੍ਹਾਂ ਦਾ ਪਵਿੱਤਰ ਕੀਤਾ ਜਾਣਾ (19:10-15)

**[10]ਯਹੋਵਾਹ ਨੇ ਮੂਸਾ ਨੂੰ ਆਖਿਆ, ਪਰਜਾ ਕੋਲ ਜਾਹ ਅਤੇ ਅੱਜ ਅਰ ਭਲਕੇ ਉਨ੍ਹਾਂ ਨੂੰ ਪਵਿੱਤ੍ਰ
ਕਰ ਅਰ ਓਹ ਆਪਣੇ ਬਸਤ੍ਰ ਧੋਣ। [11]ਅਰ ਤੀਜੇ ਦਿਨ ਲਈ ਤਿਆਰ ਰਹਿਣ ਕਿਉਂ ਕਿ ਤੀਜੇ ਦਿਨ
ਯਹੋਵਾਹ ਸਾਰੀ ਪਰਜਾ ਦੀ ਦਰਿਸ਼ਟ ਵਿੱਚ ਸੀਨਈ ਦੇ ਪਹਾੜ ਉੱਤੇ ਉੱਤਰੇਗਾ। [12]ਅਰ ਤੂੰ ਪਰਜਾ
ਲਈ ਚੁਫੇਰੇ ਏਹ ਆਖ ਕੇ ਹੱਦਾਂ ਬਣਾਈਂ ਭਈ ਤੁਸੀਂ ਧਿਆਨ ਰੱਖੋ ਅਰ ਪਹਾੜ ਦੇ ਉੱਤੇ ਨਾ ਚੜ੍ਹਿਓ,
ਨਾ ਉਸ ਦੀ ਹੱਦ ਨੂੰ ਛੂਹਿਓ ਅਰ ਹਰ ਇੱਕ ਜਿਹੜਾ ਪਹਾੜ ਨੂੰ ਛੂਹੇ ਉਹ ਜਰੂਰ ਮਾਰਿਆ ਜਾਵੇ।
[13]ਕੋਈ ਹੱਥ ਉਸ ਨੂੰ ਨਾ ਛੂਹੇ ਪਰ ਉਹ ਵੱਟਿਆਂ ਨਾਲ ਮਾਰਿਆ ਜਾਵੇ ਯਾ ਤੀਰ ਨਾਲ ਵਿੰਨ੍ਹਿਆ
ਜਾਵੇ ਭਾਵੇਂ ਪਸੂ ਹੋਵੇ ਭਾਵੇਂ ਮਨੁੱਖ ਹੋਵੇ, ਉਹ ਜੀਉਂਦਾ ਨਾ ਰਹੇ। ਜਦ ਤੁਰ੍ਹੀ ਦੀ ਅਵਾਜ਼ ਗੂੰਜੇ ਤਾਂ
ਉਹ ਪਹਾੜ ਉੱਤੇ ਚੜ੍ਹਨ। [14]ਤਾਂ ਮੂਸਾ ਪਹਾੜ ਤੋਂ ਪਰਜਾ ਕੋਲ ਉੱਤਰਿਆ ਅਰ ਪਰਜਾ ਨੂੰ ਪਵਿੱਤ੍ਰ
ਕੀਤਾ ਅਰ ਉਨ੍ਹਾਂ ਨੇ ਆਪਣੇ ਬਸਤ੍ਰ ਧੋਤੇ। [15]ਫੇਰ ਉਸ ਨੇ ਪਰਜਾ ਨੂੰ ਆਖਿਆ, ਤੀਜੇ ਦਿਨ ਲਈ
ਤਿਆਰ ਰਹੋ ਅਰ ਤੀਵੀਂ ਦੇ ਨੇੜੇ ਨਾ ਜਾਓ।**

**ਆਇਤਾਂ 10-13.** ਲੋਕਾਂ ਦੇ ਦੁਆਰਾ ਨੇਮ ਨੂੰ ਸਵੀਕਾਰ ਕਰ ਲਏ ਜਾਣ ਤੋਂ ਬਾਅਦ, ਉਨ੍ਹਾਂ ਦੀ ਪਰਵਾਨਗੀ ਦੀ ਘੋਸ਼ਣਾ ਜਨਤਕ ਤੌਰ ਤੇ ਕੀਤੀ ਜਾਣੀ ਚਾਹੀਦੀ ਸੀ। ਇਹ ਰਸਮੀ ਘੋਸ਼ਣਾ ਨੇਮ ਦੀਆਂ ਉਨ੍ਹਾਂ ਵਿਸ਼ੇਸ਼ ਲੋੜਾਂ ਨੂੰ ਦੱਸੇਗੀ ਜੋ ਇਸਰਾਏਲ ਨੇ ਪਹਿਲਾਂ ਤੋਂ ਹੀ ਸਵੀਕਾਰ ਕਰ ਲਈਆਂ ਸਨ। ਅਜਿਹੇ ਮਹੱਤਵਪੂਰਣ ਮੌਕੇ ਤੇ ਇਸਰਾਏਲੀਆਂ ਨੂੰ **ਯਹੋਵਾਹ** ਦੇ ਨਾਲ ਆਪਣੀ ਮੁਲਾਕਾਤ ਦੇ ਲਈ ਆਪਣੇ ਆਪ ਨੂੰ **ਪਵਿੱਤ੍ਰ** ਕਰਨ ਦੀ ਲੋੜ ਸੀ। ਕਿਉਂਕਿ ਪ੍ਰਭੂ ਪੂਰੀ ਤਰ੍ਹਾਂ ਦੇ ਨਾਲ ਪਵਿੱਤਰ ਹੈ, ਇਸ ਲਈ ਅਜਿਹੇ ਕਿਸੇ ਵੀ ਮੌਕੇ ਤੇ ਜਦੋਂ ਉਹ ਮਨੁੱਖਾਂ ਨੂੰ ਮਿਲਣ ਲਈ ਤਿਆਰ ਹੁੰਦਾ ਹੈ ਬਹੁਤ ਹੀ ਸਾਵਧਾਨੀ ਵਰਤੀ ਜਾਣੀ ਚਾਹੀਦੀ ਹੈ। ਇਸ ਲਈ, ਜਦੋਂ **ਮੂਸਾ** ਨੇ ਪਰਮੇਸ਼ੁਰ ਨੂੰ ਉਸ ਦੀ ਪੇਸ਼ਕਸ਼ ਦੇ ਵਿਸ਼ੇ ਇਸਰਾਏਲ ਦੀ ਪ੍ਰਤਿਕਿਰਿਆ ਦੇ ਵਿਸ਼ੇ ਵਿਚ ਦੱਸਿਆ, ਤਾਂ ਪਰਮੇਸ਼ੁਰ ਨੇ ਉਸ ਨੂੰ ਹਿਦਾਇਤਾਂ ਦਿੱਤੀਆਂ ਕਿ ਇਸਰਾਏਲੀਆਂ ਨੂੰ ਬਿਵਸਥਾ ਨੂੰ ਪ੍ਰਾਪਤ ਕਰਨ ਦੇ ਲਈ ਆਪਣੇ ਆਪ ਨੂੰ ਕਿਵੇਂ ਪਵਿੱਤਰ ਕਰਨਾ ਚਾਹੀਦਾ ਹੈ।

ਯਹੋਵਾਹ ਨੇ ਕਿਹਾ ਕਿ ਇਸਰਾਏਲੀਆਂ ਦੇ ਪਵਿੱਤਰ ਕੀਤੇ ਜਾਣ ਵਿਚ ਦੋ ਦਿਨ ਲੱਗਣਗੇ, ਅਤੇ **ਤੀਜੇ ਦਿਨ** ਉਹ **ਸਾਰੀ ਪਰਜਾ ਦੀ ਦਰਿਸ਼ਟ ਵਿੱਚ** ਵਿਖਾਈ ਦੇਵੇਗਾ। ਮਸਹ ਕੀਤੇ ਜਾਣ ਦੀ ਪ੍ਰਕਿਰਿਆ ਦੇ ਇਕ ਹਿੱਸੇ ਵਜੋਂ, ਉਨ੍ਹਾਂ ਨੇ ਆਪਣੇ ਬਸਤ੍ਰ **ਧੋਣੇ** ਸਨ। ਇਸ ਤੋਂ ਇਲਾਵਾ, **ਪਰਜਾ** ਦੇ ਲਈ **ਪਹਾੜ** ਨੂੰ ਇੰਨਾ ਪਵਿੱਤਰ ਸਮਝਣਾ ਸੀ ਜਿਸ ਨੂੰ [**ਛੂਹਿਆ**] ਨਾ ਜਾ ਸਕੇ; ਉਨ੍ਹਾਂ ਨੂੰ ਉਸ ਦੇ ਚਾਰੇ-ਪਾਸੇ **ਹੱਦਾਂ** ਬਣਾਈਂ [ਬਣਾਉਣੀਆਂ] ਸਨ ਅਤੇ ਇਸ ਦੇ ਨੇੜੇ ਨਹੀਂ ਜਾਣਾ ਸੀ। ਅਸਲ ਵਿਚ, ਜੇਕਰ, ਕੋਈ ਵੀ ਮਨੁੱਖ ਜਾਂ ਪਸ਼ੂ **ਪਹਾੜ** ਨੂੰ **ਛੂਹੇ**, ਤਾਂ ਉਸ ਨੂੰ ਮਾਰ ਦਿੱਤਾ ਜਾਣਾ ਸੀ। ਇਸ ਤੋਂ ਇਲਾਵਾ, ਉਸ ਦਾ ਪਾਪ, ਸੰਵੇਦਨਸ਼ੀਲ ਸੀ। ਜਿਸ ਤਰ੍ਹਾਂ ਦੋਸ਼ੀ ਨੂੰ ਪਹਾੜ ਨੂੰ ਨਹੀਂ ਛੂਹਣਾ ਸੀ, ਉਸੇ ਤਰ੍ਹਾਂ ਜੋ ਉਸ ਨੂੰ ਮਾਰਨ ਵਾਲਿਆਂ ਵਿਚੋਂ ਕੋਈ ਹੱਥ **ਉਸ ਨੂੰ ਨਾ** ਛੂਹੇ। ਸਗੋਂ, ਉਨ੍ਹਾਂ ਨੂੰ ਜਾਂ ਤਾਂ ਪੱਥਰ ਮਾਰ ਕੇ ਜਾਂ ਤੀਰਾਂ ਨਾਲ ਵਿੰਨ੍ਹ ਕੇ ਉਸ ਨੂੰ ਮਾਰ ਦੇਣਾ ਚਾਹੀਦਾ ਸੀ। ਤੀਸਰੇ ਦਿਨ ਜਦੋਂ

**ਤੁਰ੍ਹੀ ਦੀ** ਅਵਾਜ਼ ਗੂੰਜੇ ਸਿਰਫ ਉਦੋਂ ਉਹ **ਪਹਾੜ ਉੱਤੇ ਚੜ੍ਹਨ।** ਫਿਰ ਵੀ, ਉਨ੍ਹਾਂ ਨੂੰ ਪਹਾੜ ਉੱਤੇ ਚੜ੍ਹਨ ਦੀ ਬਜਾਇ ਪਹਾੜ ਦੇ ਹੇਠਾਂ ਇਕੱਠੇ ਹੋਣਾ ਸੀ।

**ਆਇਤਾਂ 14, 15. ਮੂਸਾ ਪਹਾੜ ਤੋਂ ਪਰਜਾ ਕੋਲ ਉੱਤਰਿਆ**, ਤਾਂ ਕਿ ਉਨ੍ਹਾਂ ਨੂੰ ਹਿਦਾਇਤਾਂ ਦੇਵੇ, ਅਤੇ ਉਨ੍ਹਾਂ ਨੇ ਉਹੀ ਕੀਤਾ ਜੋ ਯਹੋਵਾਹ ਨੇ ਨਿਰਦੇਸ਼ ਕੀਤਾ ਸੀ। ਮੂਸਾ ਨੇ ਸੰਕੇਤ ਦਿੱਤਾ ਸੀ ਕਿ, ਪਰਮੇਸ਼ੁਰ ਦੀ ਹਜ਼ੂਰੀ ਦਾ ਅਨੁਭਵ ਕਰਨ ਦੀ ਤਿਆਰਾ ਦੇ ਇੱਕ ਹਿੱਸੇ ਵਜੋਂ, ਉਨ੍ਹਾਂ ਨੂੰ ਉਸ ਦੀ ਹਜ਼ੂਰੀ ਦੇ ਬਾਅਦ ਤਕ ਜਿਨਸੀ ਸੰਬੰਧਾਂ (**ਤੀਵੀਂ ਦੇ ਨੇੜੇ ਨਾ ਜਾਓ**) ਤੋਂ ਬਚਣਾ ਚਾਹੀਦਾ ਸੀ। ਇਸ ਅਸਥਾਨੀ ਸੰਜਮ ਦੀ ਲੋੜ ਇਸ ਲਈ ਨਹੀਂ ਸੀ ਕਿ ਜਿਨਸੀ ਸੰਬੰਧ ਸੁਭਾਵਿਕ ਤੌਰ ਤੇ ਪਾਪ ਹੁੰਦੇ ਹਨ, ਪਰ ਇਸ ਲਈ ਕਿਉਂਕਿ ਇਹ ਲੋਕਾਂ ਨੂੰ ਰਸਮੀ ਤੌਰ ਤੇ ਅਸ਼ੁੱਧ ਬਣਾ ਦਿੰਦਾ ਹੈ (ਵੇਖੋ ਲੇਵੀਆਂ 15:18; 1 ਸਮੂਏਲ 21:4, 5; 2 ਸਮੂਏਲ 11:6-11)।

## ਉਨ੍ਹਾਂ ਦਾ ਪਰਮੇਸ਼ੁਰ ਦੇ ਸਾਹਮਣੇ ਆਉਣਾ (19:16-25)

**16ਐਉਂ ਹੋਇਆ ਕਿ ਜਾਂ ਤੀਜੇ ਦਿਨ ਸਵੇਰਾ ਹੋਇਆ ਤਾਂ ਗੱਜਾਂ ਹੋਈਆਂ ਅਰ ਲਿਸ਼ਕਾਂ ਪਈਆਂ
ਅਰ ਇੱਕ ਕਾਲਾ ਬੱਦਲ ਪਹਾੜ ਉੱਤੇ ਸੀ ਅਰ ਤੁਰ੍ਹੀ ਦੀ ਅਵਾਜ਼ ਬਹੁਤ ਉੱਚੀ ਸੀ ਅਤੇ ਜਿੰਨੇ ਲੋਕ
ਡੇਰੇ ਵਿੱਚ ਸਨ ਕੰਬ ਗਏ। 17ਮੂਸਾ ਲੋਕਾਂ ਨੂੰ ਪਰਮੇਸ਼ੁਰ ਨਾਲ ਮਿਲਨ ਲਈ ਡੇਰੇ ਤੋਂ ਬਾਹਰ ਲੈ
ਆਇਆ ਅਤੇ ਓਹ ਪਹਾੜ ਦੇ ਹਠਾੜ ਖਲੋ ਗਏ। 18ਅਰ ਸਾਰੇ ਸੀਨਈ ਪਹਾੜ ਤੋਂ ਧੂੰਆਂ ਨਿੱਕਲਦਾ
ਸੀ ਕਿਉਂ ਜੋ ਯਹੋਵਾਹ ਅੱਗ ਵਿੱਚ ਉਸ ਦੇ ਉੱਤੇ ਉੱਤਰਿਆ ਅਤੇ ਭੱਠੀ ਵਰਗਾ ਧੂੰਆਂ ਉਸ ਦੇ ਉੱਤੋਂ
ਉੱਠ ਰਿਹਾ ਸੀ ਅਰ ਸਾਰਾ ਪਹਾੜ ਅੱਤ ਕੰਬ ਰਿਹਾ ਸੀ। 19ਜਦ ਤੁਰ੍ਹੀ ਦੀ ਅਵਾਜ਼ ਅੱਤ ਉੱਚੀ
ਹੁੰਦੀ ਜਾਂਦੀ ਸੀ ਤਾਂ ਮੂਸਾ ਬੋਲਿਆ ਅਰ ਪਰਮੇਸ਼ੁਰ ਨੇ ਉਹ ਨੂੰ ਅਵਾਜ਼ ਨਾਲ ਉੱਤ੍ਰ ਦਿੱਤਾ।
20ਯਹੋਵਾਹ ਸੀਨਈ ਪਹਾੜ ਉੱਤੇ ਉੱਤਰਿਆ ਅਰਥਾਤ ਪਹਾੜ ਦੀ ਟੀਸੀ ਉੱਤੇ ਅਤੇ ਯਹੋਵਾਹ ਨੇ
ਮੂਸਾ ਨੂੰ ਪਹਾੜ ਦੀ ਟੀਸੀ ਉੱਤੇ ਸੱਦਿਆ ਤਾਂ ਮੂਸਾ ਉਤਾਹਾਂ ਗਿਆ। 21ਯਹੋਵਾਹ ਨੇ ਮੂਸਾ ਨੂੰ
ਆਖਿਆ, ਹੇਠ ਜਾਹ ਅਰ ਪਰਜਾ ਨੂੰ ਤਕੀਦ ਕਰ ਮਤੇ ਓਹ ਵੇਖਣ ਨੂੰ ਯਹੋਵਾਹ ਕੋਲ ਘੁਸ ਆਉਣ
ਅਰ ਉਨ੍ਹਾਂ ਵਿੱਚੋਂ ਬਹੁਤੇ ਡਿੱਗ ਪੈਣ। 22ਅਰ ਜਾਜਕ ਵੀ ਜਿਹੜੇ ਯਹੋਵਾਹ ਦੇ ਨੇੜੇ ਆਉਂਦੇ ਹਨ
ਆਪਣੇ ਆਪ ਨੂੰ ਪਵਿੱਤ੍ਰ ਕਰਨ ਕਿਤੇ ਯਹੋਵਾਹ ਉਨ੍ਹਾਂ ਉੱਤੇ ਨਾ ਵਰ੍ਹ ਪਵੇ। 23ਮੂਸਾ ਨੇ ਯਹੋਵਾਹ ਨੂੰ
ਆਖਿਆ ਕਿ ਲੋਕ ਸੀਨਈ ਪਹਾੜ ਉੱਤੇ ਨਹੀਂ ਚੜ੍ਹ ਸੱਕਦੇ ਕਿਉਂ ਜੋ ਤੈਂ ਸਾਨੂੰ ਤਕੀਦ ਨਾਲ ਆਖਿਆ
ਸੀ ਕਿ ਪਹਾੜ ਦੀਆਂ ਹੱਦਾਂ ਬਣਾ ਰੱਖੋ ਅਰ ਉਸ ਨੂੰ ਪਵਿੱਤ੍ਰ ਕਰੋ। 24ਤਾਂ ਯਹੋਵਾਹ ਨੇ ਉਸ ਨੂੰ
ਆਖਿਆ, ਹੇਠਾਂ ਜਾਹ ਅਰ ਫੇਰ ਉਤਾਹਾਂ ਆ ਤੂੰ ਅਤੇ ਤੇਰੇ ਨਾਲ ਹਾਰੂਨ ਪਰ ਜਾਜਕ ਅਤੇ ਲੋਕ
ਯਹੋਵਾਹ ਕੋਲ ਚੜ੍ਹਨ ਲਈ ਨਾ ਘੁਸਣ ਕਿਤੇ ਉਹ ਉਨ੍ਹਾਂ ਉੱਤੇ ਨਾ ਵਰ੍ਹ ਪਵੇ। 25ਤਾਂ ਮੂਸਾ ਪਰਜਾ
ਕੋਲ ਉੱਤਰਿਆ ਅਰ ਉਨ੍ਹਾਂ ਨੂੰ ਦੱਸਿਆ।**

**ਆਇਤਾਂ 16-19.** ਅਧਿਆਇ 19 ਵਿਚ ਆਖ਼ਰੀ ਪੈਰਾ, **ਤੀਜੇ ਦਿਨ** ਪਰਮੇਸ਼ੁਰ ਦੀ ਮੌਜੂਦਗੀ ਦੀ ਥਿਓਫਾਨੀ ਬਾਰੇ ਦੱਸਦਾ ਹੈ। **ਪਹਾੜ** ਉੱਤੇ ਯਹੋਵਾਹ ਦੀ ਹਜ਼ੂਰੀ ਅਚੰਭੇ ਵਾਲੀ ਹੋਣੀ ਚਾਹੀਦੀ ਹੈ। ਸ਼ਬਦ ਸ਼ਬਦਾਂ ਤੇ ਢੇਰ ਹੋ ਜਾਂਦੇ ਹਨ; ਤਸਵੀਰਾਂ ਤੇਜੀ ਨਾਲ ਇਕ ਤੋਂ ਬਾਅਦ ਦੂਜੀ ਦਾ ਪਾਲਣ ਕਰਦੀਆਂ ਹਨ, ਤਾਂ ਕਿ ਉਸ ਦੀ ਹਜ਼ੂਰੀ ਨੂੰ ਪ੍ਰਭਾਵਸ਼ਾਲੀ ਬਣਾਉਣ। ਲੇਖਕ ਇਹ ਵਰਣਨ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਇੱਕ ਬਿਆਨ ਤੋਂ ਬਾਹਰ ਦ੍ਰਿਸ਼ ਕੀ ਰਿਹਾ ਹੋਵੇਗਾ। ਪ੍ਰਭੂ ਦੀ ਹਜ਼ੂਰੀ ਵਿਚ ਹੇਠ ਲਿਖੇ ਤੱਤ ਸ਼ਾਮਲ ਹਨ:

1. ਗੱਜਾਂ ਅਤੇ ਲਿਸ਼ਕਾਂ
2. ਪਹਾੜ ਉੱਤੇ ਇੱਕ ਕਾਲਾ ਬੱਦਲ

3. ਇਕ ਬਹੁਤ ਉੱਚੀ ਤੁਰ੍ਹੀ ਦੀ ਅਵਾਜ਼
4. ਇੱਕ ਧੂੰਆਂ ਨਿਕਲਣ ਵਾਲਾ ਪਹਾੜ
5. ਯਹੋਵਾਹ ਦਾ ਅੱਗ ਵਿਚ ਪਹਾੜ ਦੇ ਉੱਤੇ ਉੱਤਰਨਾ
6. ਭੱਠੀ ਵਰਗਾ ਧੂੰਆਂ ਉੱਠ ਰਿਹਾ ਸੀ
7. ਇਕ ਸਥਾਨਕ ਭੁਚਾਲ, ਪਹਾੜ ਅੱਤ ਕੰਬ ਰਿਹਾ ਸੀ
8. ਤੁਰ੍ਹੀ ਦੀ ਅਵਾਜ਼ ਅੱਤ ਉੱਚੀ ਹੁੰਦੀ ਜਾਂਦੀ ਸੀ
9. ਯਹੋਵਾਹ ਨੇ ਮੂਸਾ ਨੂੰ ਗੜਗੜਾਹਟ ਜਿਹਾ ਅਵਾਜ਼ ਵਿਚ ਉੱਤਰ ਦਿੱਤਾ।[13]

ਇਨ੍ਹਾਂ ਅਰਥ-ਫੈਲਾਉਣ ਵਾਲੀਆਂ ਆਵਾਜ਼ਾਂ ਨੇ ਲੋਕਾਂ ਦੇ ਧਿਆਨ ਨੂੰ ਆਕਰਸ਼ਿਤ ਕੀਤਾ ਅਤੇ ਉਸ ਨੂੰ ਉਸ ਦੇ ਉੱਤੇ ਕੇਂਦ੍ਰਿਤ ਕੀਤਾ ਜਿਸ ਦੇ ਨਾਲ ਉਹ ਇਕ ਨੇਮ ਵਿਚ ਪ੍ਰਵੇਸ਼ ਕਰ ਰਹੇ ਸਨ। ਪਰਮੇਸ਼ੁਰ ਇਕ ਮਨੁੱਖੀ ਰਾਜਾ ਨਹੀਂ ਸੀ ਜਾਂ ਇਕ ਨਾਚੀਜ਼ ਮੂਰਤੀ ਨਹੀਂ ਸੀ, ਪਰ ਉਹ ਉਹ ਸੀ ਜੋ **ਗੱਜਾਂ ਅਰ ਲਿਸ਼ਕਾਂ** ਨੂੰ ਆਪਣੇ ਨੌਕਰਾਂ ਦੇ ਵਾਂਗ ਇਸਤੇਮਾਲ ਕਰਦਾ ਹੈ, ਜਿਸ ਨੇ ਪਹਾੜ ਨੂੰ ਹਿਲਾ ਦਿੱਤਾ, ਜੋ **ਅੱਗ ਅਰ ਬੱਦਲ** ਵਿਚ ਦਿਖਾਈ ਦਿੱਤਾ! ਇਸਰਾਏਲੀਆਂ ਨੂੰ ਇਹ ਸਿੱਖਣਾ ਚਾਹੀਦਾ ਸੀ ਕਿ ਉਹ ਅਜਿਹੇ ਪਰਮੇਸ਼ੁਰ ਦੀ ਅਣਦੇਖੀ ਨਹੀਂ ਕਰ ਸਕਦੇ ਹਨ। ਪਰਮੇਸ਼ੁਰ ਨੇ ਕਿਹਾ ਕਿ ਲੋਕਾਂ ਦੇ ਸਾਹਮਣੇ ਉਸ ਦੀ ਹਜ਼ੂਰੀ ਦਾ ਅਰਥ ਉਨ੍ਹਾਂ ਨੂੰ ਉਸ ਸਮੇਂ ਸੁਣਾਉਣਾ ਸੀ ਜਦੋਂ ਉਹ ਮੂਸਾ ਦੇ ਨਾਲ ਗੱਲ ਕਰਦਾ ਸੀ ਤਾਂਕਿ ਉਹ "ਸਦਾ ਲਈ ਉਸ ਉੱਤੇ ਪਰਤੀਤ ਕਰਨ" (19:9)। ਇਸ ਵਿਚ ਕੋਈ ਸ਼ੱਕ ਨਹੀਂ ਹੈ, ਕਿ ਇਨ੍ਹਾਂ ਦ੍ਰਿਸ਼ਾਂ ਅਤੇ ਅਵਾਜ਼ਾਂ ਦਾ ਉਦੇਸ਼ ਉਨ੍ਹਾਂ ਲੋਕਾਂ ਨੂੰ ਪ੍ਰੇਰਿਤ ਕਰਨਾ ਸੀ ਕਿ ਉਹ ਉਸ ਸ਼ਰਾ ਦੀ ਪਾਲਣਾ ਕਰਨ ਜੋ ਉਹ ਜਲਦੀ ਹੀ ਉਨ੍ਹਾਂ ਨੂੰ ਮੂਸਾ ਦੇ ਰਾਹੀਂ ਦੇਣ ਵਾਲਾ ਸੀ।

ਜਦੋਂ ਲੋਕਾਂ ਨੇ ਗੱਜਾਂ ਅਤੇ ਲਿਸ਼ਕਾਂ ਵੇਖੀਆਂ, **ਤੁਰ੍ਹੀ ਦੀ ਅਵਾਜ਼** ਨੂੰ ਸੁਣਿਆ, ਬੱਦਲ ਨੂੰ ਵੇਖਿਆ ਜੋ ਪਰਮੇਸ਼ੁਰ ਦੀ ਹਜ਼ੂਰੀ ਦਾ ਚਿੰਨ੍ਹ ਦੇ ਰਿਹਾ ਸੀ, ਤਾਂ ਉਹ ਕੰਬ ਗਏ। ਤਾਂ ਵੀ, ਮੂਸਾ ਉਨ੍ਹਾਂ ਨੂੰ **ਪਰਮੇਸ਼ੁਰ ਨਾਲ ਮਿਲਨ ਲਈ ਡੇਰੇ ਤੋਂ ਬਾਹਰ ਲੈ ਆਇਆ, ਅਤੇ ਓਹ ਪਹਾੜ ਦੇ ਹਠਾੜ ਖਲੋ ਗਏ।** ਫਿਰ ਪਰਮੇਸ਼ੁਰ ਨੇ ਮੂਸਾ ਦੇ ਨਾਲ ਗੱਲਬਾਤ ਕੀਤੀ: **ਮੂਸਾ ਬੋਲਿਆ ਅਰ ਪਰਮੇਸ਼ੁਰ ਨੇ ਉਹ ਨੂੰ ਅਵਾਜ਼ ਨਾਲ ਉੱਤਰ ਦਿੱਤਾ।**

**ਆਇਤਾਂ 20-22.** ਅਗਲਾ, **ਯਹੋਵਾਹ ਨੇ** ਤੀਸਰੀ ਵਾਰ **ਮੂਸਾ ਨੂੰ ਪਹਾੜ ਦੀ ਟੀਸੀ ਉੱਤੇ ਸੱਦਿਆ।** ਉਸ ਨੇ **ਮੂਸਾ** ਨੂੰ ਕਿਹਾ **ਪਰਜਾ ਨੂੰ ਤਕੀਦ ਕਰ** ਕਿ ਉਹ ਮੌਤ ਦੀ ਸਜ਼ਾ ਦੇ ਤਹਿਤ ਪਹਾੜ ਦੇ ਨੇੜੇ ਨਾ ਆਉਣ। **ਜਾਜਕ** ਵੀ ਜਦੋਂ **ਯਹੋਵਾਹ ਦੇ ਨੇੜੇ ਆਉਂਦੇ** (ਆਉਣ) ਤਾਂ **ਆਪਣੇ ਆਪ** ਨੂੰ ਪਵਿੱਤ੍ਰ ਕਰਨ; ਜੇਕਰ ਉਹ ਅਜਿਹਾ ਨਹੀਂ ਕਰਦੇ, ਤਾਂ **ਯਹੋਵਾਹ ਉਨ੍ਹਾਂ ਉੱਤੇ ਵਰ੍ਹ** [ਪਵੇਗਾ]। ਹੋਰਨਾਂ ਸ਼ਬਦਾਂ ਵਿਚ, ਪਰਮੇਸ਼ੁਰ ਖੁਦ ਉਨ੍ਹਾਂ ਨੂੰ ਮਾਰ ਦੇਵੇਗਾ।

"ਜਾਜਕ" ਕੌਣ ਸਨ? ਕਿਉਂਕਿ ਸ਼ਰਾ ਅਜੇ ਤਕ ਨਹੀਂ ਦਿੱਤੀ ਗਈ ਸੀ, ਹਾਰੂਨ ਦੀ ਜਾਜਕਾਈ ਅਜੇ ਤਕ ਸ਼ੁਰੂ ਨਹੀਂ ਕੀਤੀ ਗਈ ਸੀ (ਵੇਖੋ 28:1)। ਸਪੱਸ਼ਟ ਤੌਰ ਤੇ, ਇਹ ਜਾਜਕ ਉਹ ਸਨ ਜੋ ਸ਼ਰਾ ਦੇ ਦੁਆਰਾ ਹਾਰੂਨ ਦੀ ਜਾਜਕਾਈ ਦੀ ਸਥਾਪਨਾ ਕੀਤੇ ਜਾਣ ਤੋਂ ਪਹਿਲਾਂ ਸੇਵਾ ਕਰਦੇ ਸਨ। ਸ਼ਾਇਦ, ਇਹ ਨੌਜਵਾਨ ਆਦਮੀ ਸਨ, ਸ਼ਾਇਦ ਹਰੇਕ ਪਰਿਵਾਰ ਵਿਚੋਂ ਪਹਿਲੌਠੇ, ਜੋ ਪਰਮੇਸ਼ੁਰ ਦੇ ਲਈ ਸਮਰਪਿਤ ਸਨ ਅਤੇ ਜਿਨ੍ਹਾਂ ਨੇ ਲੋਕਾਂ ਦੇ ਲਈ ਬਲੀਦਾਨ ਚੜ੍ਹਾਉਂਦੇ ਸਨ (ਵੇਖੋ 13:2; 24:5)।[14]

**ਆਇਤਾਂ 23-25. ਮੂਸਾ** ਨੇ ਸਪੱਸ਼ਟ ਤੌਰ ਤੇ ਇਸ ਗੱਲ ਨੂੰ ਨਹੀਂ ਸਮਝਿਆ ਸੀ ਕਿ **ਯਹੋਵਾਹ** ਨੇ ਇਨ੍ਹਾਂ ਹਿਦਾਇਤਾਂ ਨੂੰ ਕਿਉਂ ਦੁਹਰਾਇਆ ਸੀ; ਉਸ ਨੇ ਕਿਹਾ ਕਿ **ਲੋਕ** (ਲੋਕਾਂ) ਨੂੰ ਪਹਿਲਾਂ ਤੋਂ ਹੀ ਕਿਹਾ ਗਿਆ ਸੀ ਕਿ ਉਹ ਪਹਾੜ ਦੇ ਨੇੜੇ ਨਾ ਆਉਣ। ਮੂਸਾ ਦੇ ਉਲਝਣ ਭਰੇ ਉੱਤਰ ਨੂੰ

ਪਹਿਲਾਂ ਤੋਂ ਦਿੱਤੀਆਂ ਹਿਦਾਇਤਾਂ ਦੇ ਮੱਦੇਨਜ਼ਰ ਸਮਝਿਆ ਜਾ ਸਕਦਾ ਹੈ (19:12)।[15] ਫਿਰ ਵੀ, ਪਰਮੇਸ਼ੁਰ ਨੇ ਮੂਸਾ ਨੂੰ ਜ਼ੋਰ ਦਿੱਤਾ ਕਿ **ਹੇਠਾਂ ਜਾਹ ਅਰ ਫੇਰ** ਹਾਰੂਨ ਨੂੰ ਨਾਲ ਲੈ ਕੇ **ਉਤਾਹਾਂ ਆ।** ਕਸੈਟੋ ਨੇ ਲਿਖਿਆ, "ਮੂਸਾ ਦੇ ਬਿਆਨ ਨੂੰ ਤੇਜੀ ਨਾਲ ਰੱਦ ਕਰ ਦਿੱਤਾ ਗਿਆ ਹੈ: 'ਹੇਠਾਂ ਜਾਹ' - ਜੋ ਮੈਂ ਤੈਨੂੰ ਹੁਕਮ ਦਿੱਤਾ ਹੈ ਉਹ ਕਰ, ਅਤੇ ਮੇਰੇ ਹੁਕਮਾਂ ਤੇ ਸ਼ੱਕ ਨਾ ਕਰ।"[16] ਉਸ ਨੇ ਕਿਹਾ ਕਿ ਮੂਸਾ ਨੂੰ ਲੋੜ ਸੀ ਕਿ ਉਹ ਲੋਕਾਂ ਨੂੰ ਫਿਰ ਤੋਂ ਉੱਤੇ ਨਾ ਆਉਣ ਦੀ ਚੇਤਾਵਨੀ ਦੇਵੇ। ਫਿਰ **ਮੂਸਾ** ਨੇ ਉਹੀ ਕੀਤਾ ਜੋ ਯਹੋਵਾਹ ਨੇ ਉਸ ਨੂੰ ਕਰਨ ਦੇ ਲਈ ਕਿਹਾ ਸੀ।

ਪਰਮੇਸ਼ੁਰ ਦੇ ਨਾਲ ਇਸਰਾਏਲ ਦੀ ਮੁਲਾਕਾਤ ਦਾ ਦ੍ਰਿਸ਼ ਆਲੀਸ਼ਾਨ ਸੀ। ਹਰ ਵੇਰਵਾ ਲੋਕਾਂ ਨੂੰ ਸ਼ਰਾ ਦੇਣ ਦੇ ਲਈ ਸੀ।

## ਪ੍ਰਾਸੰਗਿਕਤਾ

### ਪਰਮੇਸ਼ੁਰ ਦਾ ਆਪਣੇ ਲੋਕਾਂ ਦੇ ਨਾਲ ਸਬੰਧ (19:1-8)

ਪੁਰਾਣੇ ਨੇਮ ਵਿਚ ਕੋਈ ਹੋਰ ਘਟਨਾ ਕੂਚ 19:1-8 ਵਿਚ ਦਰਜ ਘਟਨਾ ਤੋਂ ਮਹੱਤਵਪੂਰਣ ਨਹੀਂ ਹੈ। ਇਸ ਹਵਾਲੇ ਵਿਚ ਇਸਰਾਏਲ ਦੇ ਨਾਲ ਪਰਮੇਸ਼ੁਰ ਦਾ ਨੇਮ ਇਸਰਾਏਲ ਦੇ ਨਾਲ ਉਸ ਦੇ ਸਬੰਧਾਂ ਦੀ ਪਰਿਭਾਸ਼ਾ ਦਿੰਦਾ ਹੈ ਅਤੇ ਬਾਕੀ ਦੇ ਪੁਰਾਣੇ ਨੇਮ ਦੇ ਲਈ ਸੈਟਿੰਗ ਪ੍ਰਦਾਨ ਕਰਦਾ ਹੈ। ਜਦਕਿ ਇਹ ਨੇਮ ਆਪਣੇ ਆਪ ਵਿਚ ਮਹੱਤਵਪੂਰਣ ਹੈ, ਇਹ ਇਸ ਲਈ ਵੀ ਮਹੱਤਵਪੂਰਣ ਹੈ ਕਿਉਂਕਿ ਪੁਰਾਣੇ ਨੇਮ ਦੇ ਸਮੇਂ ਵਿਚ ਇਸਰਾਏਲ ਦੇ ਨਾਲ ਪਰਮੇਸ਼ੁਰ ਦਾ ਸਬੰਧ ਅੱਜ ਦੇ ਸਾਡੇ ਸਬੰਧਾਂ ਨੂੰ ਸਮਾਨਤਾ ਦਿੰਦਾ ਹੈ (1 ਪਤਰਸ 2:9; ਗਲਾਤੀਆਂ 3:29)। ਇਸਰਾਏਲੀ ਨੇਮ ਦੇ ਦੁਆਰਾ ਪਰਮੇਸ਼ੁਰ ਦੇ ਲੋਕ ਬਣ ਗਏ। ਸਾਡੇ ਕੋਲ ਵੀ, ਇੱਕ ਨੇਮ ਹੈ (ਇਬਰਾਨੀਆਂ 8:6, 8)। ਇਸਰਾਏਲ ਦੇ ਨਾਲ ਪਰਮੇਸ਼ੁਰ ਦੇ ਨੇਮ ਨੂੰ ਅੱਜ ਸਾਡੇ ਨਾਲ ਪਰਮੇਸ਼ੁਰ ਦੇ ਨੇਮ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ।

*ਇਸਰਾਏਲ ਦੇ ਨਾਲ ਪਰਮੇਸ਼ੁਰ ਦਾ ਸਬੰਧ ਉਸ ਦੇ ਕਿਰਪਾ ਨਾਲ ਭਰੇ ਕੰਮਾਂ ਤੇ ਅਧਾਰਤ ਹੈ ... ਅਤੇ ਸਾਡੇ ਨਾਲ ਵੀ ਅਜਿਹਾ ਹੀ ਹੈ।* ਜੋ ਪਰਮੇਸ਼ੁਰ ਨੇ ਕੀਤਾ ਸੀ ਉਸ ਦੇ ਨਾਲ ਨੇਮ ਸ਼ੁਰੂ ਹੁੰਦਾ ਹੈ: "ਭਈ ਤੁਸਾਂ ਵੇਖਿਆ ਜੋ ਮੈਂ ਇਸਰਾਏਲੀਆਂ ਨਾਲ ਕੀਤਾ ਅਤੇ ਤੁਹਾਨੂੰ ਉਕਾਬ ਦੇ ਖੰਭਾਂ ਉੱਤੇ ਬਿਠਾਲ ਕੇ ਆਪਣੇ ਕੋਲ ਲੈ ਆਇਆ" (19:4)। ਉਸ ਨੇ ਫ਼ਿਰਊਨ ਨੂੰ ਮਜ਼ਬੂਰ ਕਰਨ ਦੇ ਲਈ ਬਵਾਂ ਭੇਜਣ ਦੇ ਦੁਆਰਾ ਇਸਰਾਏਲ ਨੂੰ ਮਿਸਰ ਤੋਂ ਛੁਡਾਇਆ। ਫਿਰ ਪਰਮੇਸ਼ੁਰ ਨੇ ਇਸਰਾਏਲ ਨੂੰ ਬਚਾਉਣ ਅਤੇ ਫ਼ਿਰਊਨ ਦੀ ਸੈਨਾ ਨੂੰ ਨਾਸ ਕਰਨ ਦੇ ਲਈ ਸਮੁੰਦਰ ਨੂੰ ਖੋਲ੍ਹਿਆ ਅਤੇ ਬੰਦ ਕਰ ਦਿੱਤਾ। ਉਸ ਨੇ ਉਜਾੜ ਵਿਚ ਇਸਰਾਏਲੀਆਂ ਦੀਆਂ, ਮਾਰਗਦਰਸ਼ਣ (13:21, 22), ਪਾਣੀ (15:23-25; 17:2-6), ਭੋਜਨ (16:13-15), ਯੁੱਧ ਵਿਚ ਜਿੱਤ (17:8-13), ਅਤੇ ਸੰਗਠਨ (ਅਧਿਆਇ 18) ਦੀਆਂ ਲੋੜਾਂ ਨੂੰ ਪੂਰਾ ਕੀਤਾ। ਸਾਨੂੰ ਯਾਦ ਦਿਵਾਇਆ ਗਿਆ ਹੈ ਕਿ ਇਸਰਾਏਲ ਪਰਮੇਸ਼ੁਰ ਦੇ ਛੁਟਕਾਰੇ ਜਾਂ ਅਸੀਸ ਦੇ ਲਾਇਕ ਨਹੀਂ ਸੀ (14:10-12; 15:22-24; 16:19, 20, 28; 17:1-4; ਬਿਵਸਥਾ ਸਾਰ 7:6-8; 9:4-6)। ਉਸ ਸਭ ਦੇ ਵਿਸ਼ੇ ਵਿਚ ਸੋਚੋ ਜੋ ਪਰਮੇਸ਼ੁਰ ਨੇ ਇਸਰਾਏਲ ਦੇ ਲਈ ਕੀਤਾ ਸੀ, ਅਤੇ ਫਿਰ ਪੁੱਛੋ, "ਇਸਰਾਏਲ ਨੇ ਪਰਮੇਸ਼ੁਰ ਦੇ ਲਈ ਕੀ ਕੀਤਾ ਸੀ? ਵਿਸ਼ੇਸ਼ ਤੌਰ ਤੇ, ਇਸਰਾਏਲ ਨੇ ਛੁਟਕਾਰਾ ਪਾਉਣ ਦੇ ਲਾਇਕ ਕੀ ਕੀਤਾ ਸੀ?" ਕੁੱਝ ਵੀ ਨਹੀਂ! ਉਨ੍ਹਾਂ ਨੇ ਬੁੜ ਬੁੜ ਅਤੇ ਸ਼ਿਕਾਇਤ ਕੀਤੀ ਸੀ। ਉਹ ਵਿਸ਼ਵਾਸਘਾਤੀ, ਨਾਸ਼ੁਕਰੇ, ਅਤੇ ਅਣਆਗਿਆਕਾਰੀ ਸਨ। ਇਸਰਾਏਲੀ ਮੁਕਤੀ ਦੇ ਲਾਇਕ ਨਹੀਂ ਸਨ।

ਉਸੇ ਤਰ੍ਹਾਂ, ਪਰਮੇਸ਼ੁਰ ਦੇ ਨਾਲ ਮਸੀਹੀ ਦਾ ਸਬੰਧ ਉਸ ਦੇ ਰਾਹੀਂ ਕੀਤੇ ਗਏ ਕੰਮਾਂ ਤੋਂ ਸ਼ੁਰੂ ਹੁੰਦਾ ਹੈ (ਰੋਮੀਆਂ 5:6-9; 2 ਤਿਮੋਥਿਉਸ 1:9, 10; ਤੀਤੁਸ 3:5)। ਅਸੀਂ ਕਿਰਪਾ ਦੇ ਰਾਹੀਂ

ਬਚਾਏ ਗਏ ਹਾਂ। ਇਸ ਦਾ ਅਰਥ ਇਹ ਹੈ ਕਿ, ਇਸਰਾਏਲ ਦੀ ਤਰ੍ਹਾਂ, ਅਸੀਂ ਵੀ ਮੁਕਤੀ ਦੇ ਲਾਇਕ ਨਹੀਂ ਹਾਂ।

*ਪਰਮੇਸ਼ੁਰ ਦੇ ਨਾਲ ਇਸਰਾਏਲ ਦਾ ਸਬੰਧ ਉਸ ਦੀਆਂ ਸ਼ਰਤਾਂ ਨੂੰ ਸਵੀਕਾਰ ਕਰਨ ਦੀ ਇੱਛਾ ਤੇ ਆਧਾਰਤ ਸੀ ... ਅਤੇ ਸਾਡਾ ਵੀ ਇਸੇ ਤਰ੍ਹਾਂ ਹੀ ਹੈ।* ਪਰਮੇਸ਼ੁਰ ਦੇ ਨਾਲ ਪਰਮੇਸ਼ੁਰ ਦੇ ਨੇਮ ਦੀਆਂ ਸ਼ਰਤਾਂ ਤੇ ਵਿਚਾਰ ਕਰੋ। ਪਰਮੇਸ਼ੁਰ ਨੇ ਇਸਰਾਏਲ ਤੋਂ ਕਿਸੇ ਚੀਜ਼ ਦੀ ਮੰਗ ਕੀਤੀ: ਉਸ ਦੇ ਨਾਮ ਦੇ ਸਰੋਤੇ ਹੋਣ ਅਤੇ ਉਸ ਦੇ ਨੇਮ ਦੀ ਮਨੌਤ ਕਰਨ (19:5, 6)। ਇਸਰਾਏਲ ਨੂੰ ਪਰਮੇਸ਼ੁਰ ਦੀ ਪੇਸ਼ਕਸ਼ ਨੂੰ ਸਵੀਕਾਰ ਕਰਨ ਜਾਂ ਅਸਵੀਕਾਰ ਕਰਨ ਦਾ ਅਧਿਕਾਰ ਸੀ, ਪਰ ਉਨ੍ਹਾਂ ਦੇ ਕੋਲ ਉਸ ਪੇਸ਼ਕਸ਼ ਨੂੰ ਬਦਲਣ ਜਾਂ ਪਰਮੇਸ਼ੁਰ ਦੀਆਂ ਸ਼ਰਤਾਂ ਨੂੰ ਨਿਰਧਾਰਤ ਕਰਨ ਦਾ ਕੋਈ ਅਧਿਕਾਰ ਨਹੀਂ ਸੀ। ਇਸਰਾਏਲੀਆਂ ਨੇ ਉਸ ਦੀਆਂ ਸ਼ਰਤਾਂ ਨੂੰ ਸਵੀਕਾਰ ਕਰ ਲਿਆ (19:8)।

ਪਰਮੇਸ਼ੁਰ, ਸਾਡੇ ਲਈ ਬਹੁਤ ਕੁੱਝ ਕਰਦੇ ਹੋਏ, ਸਾਨੂੰ ਆਪਣੇ ਨਾਲ ਇਕ ਰਿਸ਼ਤੇ ਵਿਚ ਪ੍ਰਵੇਸ਼ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਅਸੀਂ ਉਸ ਦੇ ਲੋਕ ਬਣ ਸਕਦੇ ਹਾਂ, ਪਰ ਸਾਡੇ ਕੋਲ ਇਕ ਚੋਣ ਹੈ। ਉਸ ਦੇ ਲੋਕ ਬਣਨ ਦੇ ਲਈ, ਸਾਨੂੰ ਉਸ ਦੀਆਂ ਸ਼ਰਤਾਂ ਨੂੰ ਮਨਜ਼ੂਰ ਕਰਨਾ ਬਹੁਤ ਹੀ ਜ਼ਰੂਰੀ ਹੈ। ਅਸੀਂ ਉਨ੍ਹਾਂ ਸ਼ਰਤਾਂ ਨੂੰ ਆਪਣੇ ਆਪ ਦੇ ਅਨੁਕੂਲ ਬਦਲ ਨਹੀਂ ਸਕਦੇ ਹਾਂ, ਨਾ ਹੀ ਪਰਮੇਸ਼ੁਰ ਦੇ ਨਾਲ ਆਪਣੇ ਸਬੰਧਾਂ ਨੂੰ ਨਿਰਧਾਰਤ ਕਰ ਸਕਦੇ ਹਾਂ, ਜਾਂ ਪਰਮੇਸ਼ੁਰ ਦੇ ਉਦੇਸ਼ਾਂ ਤੋਂ ਘੱਟ ਕਰ ਸਕਦੇ ਹਾਂ। ਸਾਨੂੰ ਉਹ ਸਭ ਕੁੱਝ ਕਰਨ ਲਈ ਵਚਨਬੱਧ ਰਹਿਣਾ ਚਾਹੀਦਾ ਹੈ ਜਿਸ ਦਾ ਉਹ ਹੁਕਮ ਦਿੰਦਾ ਹੈ। ਜਦੋਂ ਅਸੀਂ ਮਸੀਹੀ ਬਣ ਜਾਂਦੇ ਹਾਂ, ਅਸੀਂ ਇੱਕ ਵਾਇਦਾ ਕਰਦੇ ਹਾਂ: "ਜੋ ਪ੍ਰਭੂ ਨੇ ਕਿਹਾ ਹੈ ਅਸੀਂ ਉਹ ਸਭ ਕੁੱਝ ਕਰਾਂਗੇ!" ਉਸੇ ਸਮੇਂ ਅਸੀਂ ਉਹ ਸਭ ਕੁੱਝ ਨਹੀਂ ਜਾਣ ਸਕਦੇ ਜੋ ਉਹ ਸਾਡੇ ਤੋਂ ਚਾਹੁੰਦਾ ਹੈ। ਫਿਰ ਵੀ, ਜਿਵੇਂ ਇਸਰਾਏਲ ਨੇ ਕੀਤਾ, ਉਸੇ ਤਰ੍ਹਾਂ ਅਸੀਂ ਇਕ ਖੁੱਲ੍ਹੀ ਵਚਨਬੱਧਤਾ ਬਣਾਉਂਦੇ, ਅਤੇ ਫਲਸਰੂਪ, ਕਹਿੰਦੇ ਹਾਂ, "ਪ੍ਰਭੂ, ਮੈਨੂੰ ਹੁਣ ਤਕ ਉਹ ਸਭ ਕੁੱਝ ਪਤਾ ਨਹੀਂ ਹੈ ਜੋ ਮੇਰੀ ਵਚਨਬੱਧਤਾ ਨੂੰ ਮੇਰੇ ਤੋਂ ਲੋੜ ਹੋਵੇਗੀ। ਫਿਰ ਵੀ, ਮੈਂ ਇਹ ਵਾਇਦਾ ਕਰਦਾ ਹਾਂ ਕਿ, ਜਿਵੇਂ ਮੈਂ ਆਪਣੇ ਜੀਵਨ ਦੇ ਲਈ ਤੁਹਾਡੀ ਇੱਛਾ ਨੂੰ ਸਿੱਖਿਆ ਸੀ, ਮੈਂ ਉਸੇ ਤਰ੍ਹਾਂ ਇਸ ਨੂੰ ਕਰਾਂਗਾ।"

*ਪਰਮੇਸ਼ੁਰ ਦੇ ਨਾਲ ਇਸਰਾਏਲ ਦਾ ਸਬੰਧ ਨੇਮ ਨੂੰ ਜਾਰੀ ਰੱਖਣ ਤੇ ਆਧਾਰਤ ਹੈ ... ਅਤੇ ਸਾਡਾ ਵੀ ਇਸੇ ਤਰ੍ਹਾਂ ਹੀ ਹੈ।* ਜਦੋਂ ਤਕ ਇਸਰਾਏਲੀ ਨੇਮ ਦੇ ਪ੍ਰਤਿ ਵਿਸ਼ਵਾਸਯੋਗ ਸਨ, ਉਦੋਂ ਤਕ ਉਹ ਪਰਮੇਸ਼ੁਰ ਦੇ ਵਿਸ਼ੇਸ਼ ਲੋਕ ਸਨ, ਜੋ ਉਸ ਦੀ ਦੇਖਭਾਲ ਅਤੇ ਸੁਰੱਖਿਆ ਦੇ ਅਧੀਨ ਸਨ। ਪਰ, ਜਦੋਂ ਲੋਕਾਂ ਨੇ ਪਰਮੇਸ਼ੁਰ ਦੀ ਅਵਾਜ਼ ਦਾ ਪਾਲਣ ਨਹੀਂ ਕੀਤਾ ਜਾਂ ਉਸ ਦੇ ਨੇਮ ਨੂੰ ਨਹੀਂ ਮੰਨਿਆ, ਤਾਂ ਉਸ ਨੇ ਇਸਰਾਏਲ ਨੂੰ ਉਨ੍ਹਾਂ ਦੇ ਦੁਸ਼ਮਣਾਂ ਦੇ ਹੱਥਾਂ ਵਿਚ ਦੇ ਦਿੱਤਾ।

ਉਨ੍ਹਾਂ ਦੀ ਅਸਫਲਤਾ ਦਾ ਕਾਰਣ ਬਹੁਤ ਸਾਰੇ ਪਾਪ ਸਨ। (1) ਜੋ ਪਰਮੇਸ਼ੁਰ ਨੇ ਉਨ੍ਹਾਂ ਦੇ ਲਈ ਕੀਤਾ ਸੀ। ਉਹ ਉਸ ਨੂੰ ਭੁੱਲ ਗਏ - ਉਸ ਨੇ ਕਿਵੇਂ ਦਯਾ ਦੇ ਦੁਆਰਾ ਉਨ੍ਹਾਂ ਨੂੰ ਬਚਾਇਆ ਸੀ। (2) ਉਹ ਅਵਿਸ਼ਵਾਸੀਆਂ ਦੇ ਨਾਲ ਗੂੜ੍ਹਾ ਸਬੰਧ ਰੱਖਦੇ ਹਨ। ਵਾਇਦਾ ਕੀਤੇ ਹੋਏ ਦੇਸ ਦੇ ਵਸਨੀਕਾਂ ਨੂੰ ਬਾਹਰ ਕੱਢਣ ਦੀ ਬਜਾਇ, ਉਨ੍ਹਾਂ ਨੇ ਉਨ੍ਹਾਂ ਦੇ ਨਾਲ ਵਿਆਹ ਕੀਤੇ। (3) ਉਨ੍ਹਾਂ ਨੇ ਆਪਣੇ ਵਿਸ਼ੇਸ਼ ਅਧਿਕਾਰਾਂ ਨੂੰ ਯਾਦ ਰੱਖਿਆ ਪਰ ਆਪਣੀਆਂ ਜ਼ਿੰਮੇਵਾਰੀਆਂ ਨੂੰ ਵਿਸਾਰ ਦਿੱਤਾ। ਉਨ੍ਹਾਂ ਨੇ ਪਰਮੇਸ਼ੁਰ ਦੇ ਲੋਕ ਹੋਣ ਅਤੇ ਆਪਣੇ ਦਰਮਿਆਨ ਉਸ ਦੀ ਹਜ਼ੂਰੀ ਹੋਣ ਦੇ ਸਨਮਾਨ ਨੂੰ ਹਾਸਲ ਕੀਤਾ ਸੀ, ਪਰ ਉਹ ਇਸ ਤਰ੍ਹਾਂ ਨਾਲ ਰਹਿੰਦੇ ਸਨ ਜਿਵੇਂ ਉਨ੍ਹਾਂ ਦੇ ਵਿਚਕਾਰ ਪਰਮੇਸ਼ੁਰ ਦੀ ਹੈਕਲ ਹੋਣ ਦੇ ਕਾਰਣ ਉਨ੍ਹਾਂ ਨੂੰ ਪਰਮੇਸ਼ੁਰ ਦੇ ਨੇਮ ਨੂੰ ਤੋੜਣ ਦੇ ਲਈ ਸਜ਼ਾ ਤੋਂ ਛੋਟ ਦਿੱਤੀ ਗਈ ਸੀ (ਵੇਖੋ ਯਿਰਮਿਯਾਹ 7)। ਉਹ ਇਸ ਗੱਲ ਨੂੰ ਭੁੱਲ ਗਏ ਕਿ ਪਰਮੇਸ਼ੁਰ ਦੇ ਲੋਕ ਹੋਣ ਦਾ ਵਿਸ਼ੇਸ਼ ਅਧਿਕਾਰ ਉਸ ਦੇ ਲੋਕਾਂ ਦੇ ਰੂਪ ਵਿਚ ਜੀਵਨ ਗੁਜ਼ਾਰਣ ਦੀ ਵੱਡੀ ਜ਼ਿੰਮੇਵਾਰੀ ਨੂੰ ਲਿਆਉਂਦਾ

ਹੈ।

ਨੇਮ ਦੇ ਪ੍ਰਤਿ ਵਫ਼ਾਦਾਰ ਰਹਿਣ ਦੀ ਸਾਡੀ ਇੱਛਾ ਦੇ ਆਧਾਰ ਤੇ, ਪਰਮੇਸ਼ੁਰ ਦੇ ਨਾਲ ਮਸੀਹੀ ਦਾ ਸਬੰਧ ਇਸੇ ਕਿਸਮ ਦਾ ਹੈ। ਬਹੁਤ ਵਾਰ, ਮਸੀਹੀ ਆਪਣੇ ਵਾਇਦੇ ਦੇ ਪ੍ਰਤਿ ਬੇਵਫ਼ਾ ਹੁੰਦੇ ਹਨ। (1) ਅਸੀਂ ਭੁੱਲ ਜਾਂਦੇ ਹਾਂ ਕਿ ਪਰਮੇਸ਼ੁਰ ਨੇ ਸਾਡੇ ਲਈ ਕੀ ਕੀਤਾ ਹੈ। (2) ਅਸੀਂ ਸੰਸਾਰਕ ਰਵੱਈਏ ਨਾਲ ਪ੍ਰਭਾਵਿਤ ਹੁੰਦੇ ਹਾਂ। (3) ਅਸੀਂ ਕਈ ਵਾਰ ਆਪਣੇ ਵਿਸ਼ੇਸ਼ ਅਧਿਕਾਰਾਂ ਨੂੰ ਯਾਦ ਰੱਖਦੇ ਹਾਂ ਪਰ ਆਪਣੀਆਂ ਜ਼ਿੰਮੇਵਾਰੀਆਂ ਨੂੰ ਭੁੱਲ ਜਾਂਦੇ ਹਾਂ। ਅਸੀਂ "ਪਰਮੇਸ਼ੁਰ ਦੇ ਲੋਕ" ਹੋਣ ਤੇ ਮਾਣ ਕਰਦੇ ਹਾਂ ਪਰ ਇਹ ਭੁੱਲ ਜਾਂਦੇ ਹਾਂ ਕਿ ਇਸ ਸਥਿਤੀ ਦੇ ਨਾਲ ਨਾਲ ਇਸ ਦੀਆਂ ਜ਼ਿੰਮੇਵਾਰੀਆਂ ਵੀ ਹਨ। ਇਸ ਵਿਚ ਦੂਜਿਆਂ ਨਾਲ ਰੌਸ਼ਨੀ ਨੂੰ ਸਾਂਝਾ ਕਰਨ ਦੀ ਜ਼ਿੰਮੇਵਾਰੀ, ਗੁਆਚੀਆਂ ਰੂਹਾਂ ਨੂੰ ਬਚਾਉਣ ਦੀ ਜ਼ਿੰਮੇਵਾਰੀ ਸ਼ਾਮਲ ਹੈ (ਵੇਖੋ 1 ਪਤਰਸ 2:9, 10)।

*ਸਿੱਟਾ।* ਪਰਮੇਸ਼ੁਰ ਨੇ ਸਾਨੂੰ ਆਪਣੇ ਲੋਕ ਬਣਨ ਦਾ ਕਿੰਨਾ ਵੱਡਾ ਸਨਮਾਨ ਬਖਸ਼ਿਆ ਹੈ! ਉਹ ਵਿਸ਼ੇਸ਼ ਅਧਿਕਾਰ ਸਾਨੂੰ ਉਸਦੇ ਹੁਕਮਾਂ ਦੇ ਪ੍ਰਤਿ ਧੰਨਵਾਦ ਪਰਗਟ ਕਰਨ ਵਿਚ ਮਦਦ ਕਰਦਾ ਹੈ। ਪਹਿਲਾਂ, ਅਸੀਂ ਉਸ ਦੇ ਬੱਚੇ ਬਣਨ ਦੇ ਦੁਆਰਾ, ਅਜਿਹਾ ਕਰਦੇ ਹਾਂ। ਉਸ ਦੇ ਲੋਕਾਂ ਦੇ ਰੂਪ ਵਿਚ, ਸਾਨੂੰ ਉਸ ਵਚਨਬੱਧਤਾ ਦੇ ਨਾਲ ਜੀਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਅਸੀਂ ਉਸ ਸਮੇਂ ਕੀਤੀ ਸੀ ਜਦੋਂ ਅਸੀਂ ਉਸ ਦੇ ਨਾਲ ਨੇਮ ਵਿਚ ਪ੍ਰਵੇਸ਼ ਕੀਤਾ ਸੀ।

### ਪਰਮੇਸ਼ੁਰ ਦੇ ਲੋਕ (19:5, 6)

ਜਿਸ ਪ੍ਰਕਾਰ ਪੁਰਾਣੇ ਨੇਮ ਦੇ ਤਹਿਤ ਇਸਰਾਏਲੀ ਪਰਮੇਸ਼ੁਰ ਦੇ ਲੋਕ ਸਨ, ਉਸੇ ਤਰ੍ਹਾਂ ਨਵੇਂ ਨੇਮ ਦੇ ਤਹਿਤ ਕਲੀਸੀਆ ਪਰਮੇਸ਼ੁਰ ਦੇ ਲੋਕ ਹਨ। ਜੋ ਲੋਕ ਕਲੀਸੀਆ ਵਿਚ ਹਨ ਉਨ੍ਹਾਂ ਦਾ ਕੀ ਅਰਥ ਹੈ? ਇਸ ਪ੍ਰਸ਼ਨ ਦੇ ਉੱਤਰ 1 ਪਤਰਸ 2:9 ਵਿਚ ਪਾਏ ਜਾਂਦੇ ਹਨ। (1) ਇਸਰਾਏਲ ਦੇ ਵਾਂਗ, ਅਸੀਂ "ਚੁਣਿਆਂ ਹੋਇਆ ਵੰਸ" ਹਾਂ। ਪਰਮੇਸ਼ੁਰ ਦੇ ਚੁਣੇ ਹੋਏ ਲੋਕ ਅੱਜ ਸਰੀਰਕ ਤੌਰ ਤੇ ਇਸਰਾਏਲੀ ਨਹੀਂ ਹਨ, ਪਰ ਆਤਮਿਕ ਇਸਰਾਏਲੀ ਹਨ। ਸਾਨੂੰ ਇਸ ਲਈ ਚੁਣਿਆ ਗਿਆ ਹੈ ਕਿਉਂਕਿ ਅਸੀਂ ਪਰਮੇਸ਼ੁਰ ਦੇ ਮੁਕਤੀ ਦੇ ਦਾਨ ਨੂੰ ਸਵੀਕਾਰ ਕਰਨਾ ਚੁਣਿਆ ਹੈ। (2) ਇਸਰਾਏਲ ਦੀ ਤਰ੍ਹਾਂ, ਅਸੀਂ "ਜਾਜਕਾਂ ਦੀ ਪਵਿੱਤਰ ਮੰਡਲੀ" ਹਾਂ। ਜਾਜਕਾਂ ਦੀ ਇੱਕ ਪਾਤਸ਼ਾਹੀ ਹੋਣ ਦੇ ਨਾਤੇ, ਅਸੀਂ "ਰੂਹਾਨੀ ਬਲੀਦਾਨ" ਚੜ੍ਹਾਉਂਦੇ ਹਾਂ (1 ਪਤਰਸ 2:5; ਵੇਖੋ ਪਰਕਾਸ਼ ਦੀ ਪੋਥੀ 1:6; 5:9, 10)। (3) ਇਸਰਾਏਲ ਦੇ ਵਾਂਗ, ਅਸੀਂ "ਇੱਕ ਪਵਿੱਤਰ ਕੌਮ" ਹਾਂ। ਸਾਨੂੰ "ਪਵਿੱਤਰ ਬਣਨ" ਦੀ ਲੋੜ ਹੈ ਜਿਵੇਂ ਪਰਮੇਸ਼ੁਰ ਪਵਿੱਤਰ ਹੈ (1 ਪਤਰਸ 1:15, 16)। (4) ਇਸਰਾਏਲ ਦੇ ਵਾਂਗ, ਅਸੀਂ "ਪਰਮੇਸ਼ੁਰ ਦੀ ਨਿਜੀ ਪਰਜਾ" ਹਾਂ। ਅਸੀਂ ਅਦੁੱਤੀ ਹਾਂ, ਕਿਉਂਕਿ ਸਾਨੂੰ ਮਸੀਹ ਦੇ ਲਹੂ ਦੇ ਨਾਲ ਖਰੀਦਿਆ ਗਿਆ ਹੈ। ਸਾਡਾ ਮਹਾਨ ਵਿਸ਼ੇਸ਼ ਅਧਿਕਾਰ ਇੱਕ ਮਹਾਨ ਜ਼ਿੰਮੇਵਾਰੀ ਦੇ ਨਾਲ ਆਉਂਦਾ ਹੈ: ਸਾਨੂੰ ਆਪਣੇ ਪਰਮੇਸ਼ੁਰ ਦੇ ਮਹਾਨ ਗੁਣਾਂ ਦਾ ਪ੍ਰਚਾਰ ਕਰਨਾ ਹੈ, ਇੱਥੋਂ ਤਕ ਕਿ ਇਸਰਾਏਲੀਆਂ ਨੇ ਵੀ "ਗ਼ੈਰ-ਕੌਮਾਂ ਦੇ ਲਈ ਰੌਸ਼ਨੀ" ਬਣਨਾ ਸੀ।

### ਪਰਮੇਸ਼ੁਰ ਦੀ ਸ਼ਾਨਦਾਰ ਪਵਿੱਤਰਤਾ (19:10-19)

ਪਰਮੇਸ਼ੁਰ ਦੇ ਉੱਤਰਣ ਦੇ ਸਮੇਂ ਉਹ ਪਹਾੜ ਦੇ ਕੋਲ ਨਹੀਂ ਆ ਸਕਦੇ ਸਨ। ਸਾਨੂੰ ਪਰਮੇਸ਼ੁਰ ਦੀ ਬੇਮਿਸਾਲ "ਸ਼ਾਨਦਾਰ ਪਵਿੱਤਰਤਾ ..." ਨੂੰ ਸਮਝਮਣਾ ਚਾਹੀਦਾ ਹੈ (15:11)। ਬਹੁਤ ਸਾਰੇ ਲੋਕ ਉਸ ਨੂੰ ਦੋਸਤਾਨਾ, ਦਾਦਾ ਜੀ ਵਾਂਗ ਵੇਖਦੇ ਹਨ, ਜੋ ਕਦੀ ਵੀ ਕਿਸੇ ਨੂੰ ਦੁਖ ਨਹੀਂ ਪਹੁੰਚਾਵੇਗਾ। ਸਾਨੂੰ ਪਰਮੇਸ਼ੁਰ ਨੂੰ ਇਕ ਪ੍ਰੇਮ ਕਰਨ ਵਾਲੇ ਦੇ ਰੂਪ ਵਿਚ ਵੇਖਣਾ ਚਾਹੀਦਾ ਹੈ; ਸਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਇਕ ਜੋ ਸੀਨਈ ਪਹਾੜ ਉੱਤੇ ਉੱਤਰਿਆ ਸੀ ਉਸ ਨੇ ਡਰ ਨੂੰ ਪੈਦਾ ਕੀਤਾ ਸੀ। "ਜੀਉਂਦੇ ਪਰਮੇਸ਼ੁਰ ਦੇ ਹੱਥ ਵਿੱਚ ਪੈਣਾ ਭਿਆਣਕ ਗੱਲ ਹੈ" (ਇਬਰਾਨੀਆਂ 10:31)।

### ਪਰਮੇਸ਼ੁਰ ਸੀਮਾਵਾਂ ਨਿਰਧਾਰਤ ਕਰਦਾ ਹੈ (19:12, 23)

ਜਿਵੇਂ ਮਿਸਰੀਆਂ ਨੂੰ ਪਹਾੜ ਦੇ ਨੇੜੇ ਢੁੱਕਣ ਤੋਂ ਰੋਕਣ ਦੇ ਲਈ ਪਰਮੇਸ਼ੁਰ ਨੇ "ਹੱਦਾਂ ਬਣਾਈਆਂ," ਅੱਜ ਉਹ ਆਪਣੇ ਪਵਿੱਤਰ ਵਚਨ ਦੇ ਆਲੇ-ਦੁਆਲੇ ਹੱਦਾਂ ਠਹਿਰਾਉਂਦਾ ਹੈ (ਬਿਵਸਥਾ ਸਾਰ 4:2; 2 ਯੂਹੰਨਾ 9; ਪਰਕਾਸ਼ ਦੀ ਪੋਥੀ 22:18, 19)।

### ਦੋ ਪਹਾੜ: ਸੀਨਈ ਅਤੇ ਸੀਯੋਨ (19:16-19)

ਇਬਰਾਨੀਆਂ ਅਧਿਆਇ 12 ਸੀਯੋਨ ਪਹਾੜ ਅਤੇ ਸੀਨਈ ਪਹਾੜ ਦੇ ਵਿਚਕਾਰ ਤੁਲਨਾ ਕਰਦਾ ਹੈ। "ਸੀਯੋਨ ਪਹਾੜ" ਦੇ ਸੰਕਲਪ ਵਿਚ ਚਰਚ ਨੂੰ ਸ਼ਾਮਲ ਕੀਤਾ ਗਿਆ ਹੈ। ਅੱਜ ਮਸੀਹੀ ਕਿਸੇ ਅਜਿਹੀ ਚੀਜ਼ ਦੇ ਕੋਲ ਨਹੀਂ ਆਉਂਦੇ ਜੋ ਲੋਕਾਂ ਨੂੰ ਡਰਾਉਂਦੀ ਹੈ, ਪਰ ਉਸ ਤੋਂ ਕਿਤੇ ਬੇਹਤਰ ਕੋਲ:

> ਤੁਸੀਂ ਤਾਂ ਓਸ ਪਹਾੜ ਕੋਲ ਨਹੀਂ ਆਏ ਹੋ ਜਿਹ ਨੂੰ ਹੱਥ ਲਾਇਆ ਜਾਵੇ, ਜਿਹੜਾ ਅੱਗ ਨਾਲ ਬਲ ਉੱਠਿਆ, ਨਾ ਕਾਲੇ ਬੋਲੇ, ਨਾ ਅਨ੍ਹੇਰੇ ਘੁੱਪ, ਨਾ ਝੱਖੜ ਝੋਲੇ, ਨਾ ਤੁਰ੍ਹੀ ਦੇ ਸ਼ਬਦ, ਨਾ ਗੱਲਾਂ ਦੀ ਅਵਾਜ਼ ਕੋਲ ਜਿਹ ਦੇ ਸੁਣਨ ਵਾਲਿਆਂ ਨੇ ਅਰਦਾਸ ਕੀਤੀ ਭਈ ਹੋਰ ਬਚਨ ਸਾਨੂੰ ਨਾ ਆਖਿਆ ਜਾਵੇ! ਕਿਉਂ ਜੋ ਓਹ ਉਸ ਹੁਕਮ ਨੂੰ ਸਹਾਰ ਨਾ ਸੱਕੇ ਭਈ ਜੇ ਪਸੂ ਭੀ ਪਹਾੜ ਨਾਲ ਲੱਗੇ ਤਾਂ ਪਥਰਾਉ ਕੀਤਾ ਜਾਵੇ। ਅਤੇ ਉਹ ਜੋ ਦਿੱਸਿਆ ਸੋ ਅਜਿਹਾ ਭਿਆਣਕ ਸੀ ਜੋ ਮੂਸਾ ਨੇ ਆਖਿਆ ਭਈ ਮੈਂ ਬਹੁਤ ਹੀ ਡਰਦਾ ਅਤੇ ਥਰ ਥਰ ਕੰਬਦਾ ਹਾਂ! ਸਗੋਂ ਤੁਸੀਂ ਸੀਯੋਨ ਦੇ ਪਹਾੜ ਕੋਲ ਆਏ ਹੋ ਅਤੇ ਅਕਾਲ ਪੁਰਖ ਦੀ ਨਗਰੀ ਸੁਰਗੀ ਯਰੂਸ਼ਲਮ ਕੋਲ ਅਤੇ ਜੋੜ ਮੇਲੇ ਵਿੱਚ ਲੱਖਾਂ ਦੂਤਾਂ ਕੋਲ। ਅਤੇ ਪਲੋਠਿਆਂ ਦੀ ਕਲੀਸਿਯਾ ਕੋਲ ਜਿਨ੍ਹਾਂ ਦੇ ਨਾਉਂ ਸੁਰਗ ਵਿੱਚ ਲਿਖੇ ਹੋਏ ਹਨ ਅਤੇ ਪਰਮੇਸ਼ੁਰ ਕੋਲ ਜਿਹੜਾ ਸਭਨਾਂ ਦਾ ਨਿਆਉਂ ਕਰਨ ਵਾਲਾ ਹੈ ਅਤੇ ਸਿੱਧ ਕੀਤਿਆਂ ਹੋਇਆਂ ਧਰਮੀਆਂ ਦੇ ਆਤਮਿਆਂ ਕੋਲ। ਅਤੇ ਯਿਸੂ ਕੋਲ ਜਿਹੜਾ ਨਵੇਂ ਨੇਮ ਦਾ ਵਿਚੋਲਾ ਹੈ ਅਤੇ ਛਿੜਕੇ ਹੋਏ ਲਹੂ ਦੇ ਕੋਲ ਜੋ ਹਾਬਲ ਦੇ ਲਹੂ ਨਾਲੋਂ ਉੱਤਮ ਗੱਲਾਂ ਕਰਦਾ ਹੈ (ਇਬਰਾਨੀਆਂ 12:18-24)।

---

ਟਿੱਪਣੀਆਂ

[1]ਜੌਨ ਆਈ. ਡਰਹਮ ਨੇ ਕਿਹਾ ਕਿ ਵਾਕ "ਉਸੇ ਦਿਨ" ਦਾ ਅਰਥ ਹੈ ਕਿ ਜਿਸ ਦਿਨ ਉਹ ਪਹਾੜ ਤੇ ਪਹੁੰਚੇ, ਉਸੇ ਦਿਨ ਮੂਸਾ ਪਰਮੇਸ਼ੁਰ ਨੂੰ ਮਿਲਣ ਦੇ ਲਈ ਪਹਾੜ ਤੇ ਚੜ੍ਹ ਗਿਆ। (ਜੌਨ ਆਈ. ਡਰਹਮ, *ਐਕਸੋਡਸ,* ਵਰਡ ਬਿਬਲੀਕਲ ਕਮੈਂਟਰੀ, ਜਿਲਦ 3 [ਵਾਕੋ, ਟੈਕਸਾਸ: ਵਰਡ ਬੁਕਸ, 1987], 261.) [2]ਜੌਨ ਜੇ. ਡੇਵਿਸ, *ਮੋਜਸ ਐਂਡ ਗੋਡਸ ਆਫ਼ ਇਜਿਪਟ* (ਗ੍ਰੈਂਡ ਰੇਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ (1971, 1986), 202, ਫ਼ਰਾਂਸਿਸ ਡੀ. ਨੀਕੋਲ, ਸੋਧ ਦਾ ਹਵਾਲਾ ਦਿੰਦੇ ਹੋਏ, *ਦ ਸੇਵੇਨਤ-ਡੇ ਐਡਵੈਨਟਿਸਟ ਬਾਈਬਲ ਕਮੈਂਟਰੀ* (ਵਾਸ਼ਿੰਗਟਨ, ਡੀ.ਸੀ.: ਰਿਵਿਊ ਐਂਡ ਹੈਰੇਲਡ ਪਬਲਿਸ਼ਿੰਗ ਐਸੋਸੀਏਸ਼ਨ, 1953), 593, ਅਤੇ ਸੀ. ਐੱਫ਼. ਕੇਲ ਐਂਡ ਐੱਫ਼. ਡਲੈਚ, *ਦ ਪੈਂਟਾਟਿਊਕ,* ਜਿਲਦ 2, ਅਨੁਵਾਦ ਜੇਮਸ ਮਾਰਟਿਨ, ਪੁਰਾਣੇ ਨੇਮ ਤੇ ਬਿਬਲੀਕਲ ਕਮੈਂਟਰੀ ਔਨ ਦਾ ਓਡਲ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1949), 89. ਜੇਮਸ ਬਰਟਨ ਕੌਫ਼ਮੈਨ ਨੇ ਇਸ ਸਿਧਾਂਤ ਨੂੰ ਸਵੀਕਾਰ ਕੀਤਾ ਕਿ ਪਸਾਹ ਤੋਂ ਠੀਕ ਪੰਜਾਹ ਦਿਨ ਬਾਅਦ ਸ਼ਰਾ ਦਿੱਤੀ ਗਈ ਸੀ (ਜੇਮਸ ਬਰਟਨ ਕੌਫ਼ਮੈਨ, *ਕਮੈਂਟਰੀ ਔਨ ਐਕਸੋਡਸ, ਦ ਸੈਕੰਡ ਬੁਕ ਔਫ਼ ਮੋਜਸ* [ਅਬੀਲੀਨ, ਟੈਕਸਾਸ: ACU ਪ੍ਰੈੱਸ, 1985], 259.) [3]ਅੰਬਰਟੋ ਕਸੈਟੋ ਤੋਂ ਲਿਆ ਗਿਆ, *ਏ ਕਮੈਂਟਰੀ ਔਨ ਦ ਬੁੱਕ ਔਫ਼ ਐਕਸੋਡਸ,* ਅਨੁਵਾਦ ਇਸਰਾਏਲ ਅਬਰਾਹਾਮਸ (ਯਰੂਸ਼ਲਮ: ਮੈਗਨੇਸ ਪ੍ਰੈੱਸ, 1997), 224-29. [4]ਉਸੇ ਸਥਾਨ ਤੇ, 229. [5]ਕਸੈਟੋ ਨੇ ਹੋਰ ਹਵਾਲੇ ਦੇ ਸਬੰਧ ਵਿਚ ਟਿੱਪਣੀ ਕੀਤੀ, "ਇੱਕ ਮਹੱਤਵਪੂਰਣ ਹਵਾਲੇ ਤਿਹਰਾ ਉਲੇਖ (ਆਇਤਾਂ 12-13; 21 - 22; 24) ਇਕ ਆਮ ਸਾਹਿਤਕ ਇਤਹਾਸ ਦੇ ਨਾਲ ਜੁੜਦਾ ਹੈ" (ਉਸੇ ਸਥਾਨ ਤੇ, 233)। [6]ਮੂਸਾ ਦੇ ਯੁੱਗ ਵਿਚ ਇਸਰਾਏਲ ਪਰਮੇਸ਼ੁਰ ਦੀ ਚੁਣੀ ਹੋਈ ਕੌਮ ਸੀ। ਪਰ, ਨਵੇਂ ਨੇਮ ਤਹਿਤ, ਯਹੂਦੀਆਂ ਅਤੇ ਗੈਰ-ਯਹੂਦੀਆਂ ਵਿਚਲਾ ਅੰਤਰ ਖਤਮ ਕਰ ਦਿੱਤਾ ਗਿਆ ਹੈ (ਗਲਾਤੀਆਂ 3:26-29;

ਅਫ਼ਸੀਆਂ 2:13-18)। ਇਸ ਲਈ, ਇਸ ਵਰਤਮਾਨ ਯੁੱਗ ਵਿਚ, ਇਕ ਭੌਤਿਕ ਕੌਮ (ਜਾਂ ਇਕ ਰਾਸ਼ਟਰ ਦੇ ਰੂਪ ਵਿਚ ਇਸਰਾਏਲ) ਦੇ ਰੂਪ ਵਿਚ ਯਹੂਦੀ ਹੁਣ ਦੁਨੀਆਂ ਦੇ ਹੋਰਨਾਂ ਲੋਕਾਂ ਦੀ ਤੁਲਨਾ ਵਿਚ ਪਰਮੇਸ਼ੁਰ ਦੇ ਚੁਣੇ ਹੋਏ ਲੋਕ ਨਹੀਂ ਹਨ। [7]ਵਾਲਟਰ ਸੀ. ਕੇਸਰ, ਜੂਨੀਅਰ, "ਐਕਸੋਡਸ," *ਦ ਐਕਸਪੋਜ਼ੀਟਰਸ ਬਾਈਬਲ ਕਮੈਂਟਰੀ* ਵਿਚ, ਜਿਲਦ 2, *ਜੇਨੇਸਿਸ-ਨੰਬਰਸ* (ਗ੍ਰੈਂਡ ਰੇਪਿਡਸ, ਮਿਸ਼ੀਗਨ: ਜੋਂਡੇਰਵਨ, 1990), 417. [8]ਕੌਫ਼ਮੈਨ ਇਹ ਵਿਸ਼ਵਾਸ ਕਰਦਾ ਸੀ ਕਿ ਪਾਪ ਦੇ ਕਾਰਣ, ਇਸਰਾਏਲੀਆਂ ਨੇ ਸਾਰੇ ਵਿਸ਼ਵਾਸੀਆਂ ਦੇ ਜਾਜਕ ਹੋਣ ਦੇ ਵਿਸ਼ੇਸ਼ ਅਧਿਕਾਰ ਨੂੰ ਗੁਆ ਲਿਆ। (ਕੌਫ਼ਮੈਨ, 259.) [9]ਆਰ. ਐਲਨ ਕੋਲ, *ਐਕਸੋਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਨਰਸ ਗਰੂਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈੱਸ, 1973), 145. [10]ਡਰਹਮ, 263.

[11]ਕੇਸਰ, 416.[12]ਡਰਹਮ, 263. [13]ਇਸ ਤਰ੍ਹਾਂ ਦੇ ਪ੍ਰਗਟਾਵੇ ਪੂਰੀ ਬਾਈਬਲ ਵਿਚ ਪਰਮੇਸ਼ੁਰ ਦੀਆਂ ਸ਼ਖਸੀਅਤਾਂ ਦੀ ਵਿਸ਼ੇਸ਼ਤਾ ਹਨ। [14]ਕੇਸਰ, 419. [15]ਜਿਵੇਂ ਕਿ ਬਹੁਤ ਸਾਰੇ ਟਿੱਪਣੀਕਾਰ ਦਾਅਵਾ ਕਰਦੇ ਹਨ, ਮੂਸਾ ਦੀ ਪ੍ਰਤਿਕਿਰਿਆ ਇਸ ਗੱਲ ਦਾ ਸਬੂਤ ਨਹੀਂ ਹੈ ਕਿ ਅਧਿਆਇ 19 ਇਕ ਸੰਪਾਦਕ ਦੁਆਰਾ ਇਕੱਠੇ ਕੀਤੇ ਗਏ ਸਰੋਤਾਂ ਦਾ ਸੰਗ੍ਰਹਿ ਹੈ। (ਕੈਸੂਟੋ, 235.) [16]ਉਸੇ ਸਥਾਨ ਤੇ, 234.